# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ.ਐਡ.-1** **ਸਮੈਸਟਰ ਦੂਜਾ**

**ਪੇਪਰ : ਤੇਰਵ੍ਹਾਂ (ਸਕੂਲ ਪ੍ਰਬੰਧ)** **ਯੂਨਿਟ : 1**

**ਮੀਡੀਅਮ : ਪੰਜਾਬੀ**

**ਪਾਠ ਨੰ.** **Last updated in January, 2026**


1.1 : ਸਕੂਲ ਸੰਗਠਨ : ਪ੍ਰਸ਼ਾਸਨ ਅਤੇ ਪ੍ਰਬੰਧ

1.2 : ਸਮਾਂ ਸਾਰਣੀ : ਮਹੱਤਤਾ, ਕਿਸਮਾਂ ਅਤੇ ਸਿਧਾਂਤ

1.3 : ਅਨੁਸ਼ਾਸਨ : ਅਰਥ, ਪੁਰਾਣੀ ਅਤੇ ਆਧੁਨਿਕ ਧਾਰਨਾ, ਮਹੱਤਤਾ ਅਤੇ ਅਨੁਸ਼ਾਸਨਹੀਣਤਾ ਦੇ ਕਾਰਣ

1.4 : ਪਾਠ- ਸਹਾਇਕ ਕਿਰਿਆਵਾਂ ਸ਼ੌਕ, ਇਹਨਾਂ ਦੀ ਮਹੱਤਤਾ ਅਤੇ ਕਿਸਮਾਂ



***website : www.pbidde.org***

# PAPER- XIII: SCHOOL MANAGEMENT

**SUBJECT CODE:** EDUBED1206T

**M.M. 50**
**External: 35**
**Internal: 15**

## (A) COURSE OUTCOMES

After completion of the course the student teacher will be able to:

- Understand the concept, nature and importance of school management.
- Understandthe concept of time table and co-curricular activities.
- Understand the role of head masters and teachers in School Management.
- Understant the concept of leadership and different types of co-curricular activities.
- Understand the role and importance of Co-curricular activities for the devalopement of students.
- Understand the roles of student's "self-government".
- Understand the concept and methods of supervision in schools.

## (A) SYLLABUS

### SECTION-A

(i) School management-concept, nature, scope, Time table- meaning, types, importance and principles. Discipline- concept, types, freedom and discipline, importance, causes of indiscipline and suggestions.

(ii) Co-curricular activities-concept, content, types, importance and organisation of different co-curricular activities.

### SECTION - B

(iii) Leadership: concept, theories and qualities of leader. School Personnel- Head of the institution, teachers and students: their roles and relationships.

(iv) Student-self Government- concept, different roles of student"s self-government. Supervision-concept, types, principles, methods of supervision, defects in existing supervisory programme and suggestions.

**Activities (Any one of the following)**

(i) Preparation of blue print of the time- table.
(ii) Organisation of morning assembly at the school/college.(iii)Constitute the welfare committees of students.
(iv)Visit of school as a supervisor.

## (C) BOOKS RECOMMENDED

1. Kowalski, Theodore. J (2001). *Case Studies on Educational Administration* (3rd ed.) New York, Longman.
2. Mukhopadhyay, Marmar and Tyagi, R.S (2005). *Governance of School Education in India.* New Delhi. NIEPA.



Head, Department of Education & C.S., Punjabi University, Patiala

3. Jha, Jyotsna, Saxena, K.B.C. and Baxi, C.V (2001). Management Processes in Elementary Education: A Study of Existing Practices in Selected States in India. New,Delhi, The European Commission.
4. Tilak, J. B.G (1992). *Education and Structural Adjustment*. Prospects 22 (4), 84: 407-22.
5. Drucker (2001). *Management Challenges for the 21st Century*. New York: Harper-business.
6. Glasser (1998). *The Quality School*, 3rd ed. Harper-perennial Library.
7. Mukerjee, S.N.- Secondary School Administration.
8. Safaya&Shaida- School Administration & Organisation.
9. Sidhu, K.S.- School Organisation & Administration. International Prakashan, Jalandhar.
10. Walia, J.S.-Foundations of School Administration and organisation. Paul.

**(D) EVALUATION**

| | |
|---|---|
| External Examination | 35 Marks |
| Internal Assessment | 15 Marks |
| Attendance | 3 |
| Written Assignment/Project work/Response Sheets | 6 |
| Two Mid-term Examinations/ House Test | 6 |

**(E) INSTRUCTIONS FOR THE PAPER-SETTER**

The question paper will consist of three Sections: A, B, and C. Section A and B will have two questions from the respective sections of the syllabus and will carry 12 marks each. Section C will consist of 5 questions of 2 marks each and one objective type question of one mark which will cover the entire syllabus uniformly.

**(F) INSTRUCTIONS FOR THE CANDIDATES**

Candidates are required to attempt one question each from the sections A and B and the entiresection C.

Head,
Department of Education & C.S.,
Punjabi University, Patiala

ਬੀ.ਐਡ. ਭਾਗ ਪਹਿਲਾ ਪਰਚਾ ਤੇਰਵ੍ਹਾਂ
(ਸਮੈਸਟਰ ਦੂਜਾ)
ਸਕੂਲ ਪ੍ਰਬੰਧ

ਪਾਠ ਨੰ : 1.1 ਲੇਖਕ : ਡਾ. ਮਨਜੀਤ ਕੌਰ

# ਸਕੂਲ ਸੰਗਠਨ : ਪ੍ਰਸ਼ਾਸਨ ਅਤੇ ਪ੍ਰਬੰਧ

ਬਣਤਰ :


1.1 ਉਦੇਸ਼
1.2 ਭੂਮਿਕਾ
1.3 ਸਕੂਲ ਸੰਗਠਨ ਦਾ ਅਰਥ
1.4 ਸਕੂਲ ਪ੍ਰਸ਼ਾਸਨ ਦਾ ਅਰਥ
1.5 ਸਕੂਲ ਪ੍ਰਬੰਧ ਦਾ ਅਰਥ
1.6 ਸਕੂਲ ਸੰਗਠਨ, ਪ੍ਰਸ਼ਾਸਨ ਤੇ ਪ੍ਰਬੰਧਕੀ ਲੋੜ
1.7 ਸਕੂਲ ਸੰਗਠਨ, ਪ੍ਰਸ਼ਾਸਨ ਤੇ ਪ੍ਰਬੰਧ ਦੇ ਕਾਰਜ ਜਾਂ ਕੰਮ
1.8 ਲੋਕਤੰਤਰਕ ਪ੍ਰਬੰਧ ਦੇ ਅਸੂਲ
1.9 ਸਾਰ
1.10 ਮੁੱਖ ਬਿੰਦੂ
1.11 ਸਵੈ ਮੁਲਾਂਕਣ ਪ੍ਰਸ਼ਨ
1.12 ਸੁਝਾਏ ਪ੍ਰਸ਼ਨ
1.13 ਸੁਝਾਈਆਂ ਪੁਸਤਕਾਂ


## 1.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਹੇਠ ਲਿਖੀਆਂ ਗੱਲਾਂ ਸਮਝ ਸਕਣਗੇ:

1) ਉਹ ਸਕੂਲ ਸੰਗਠਨ, ਪ੍ਰਸ਼ਾਸਨ ਤੇ ਪ੍ਰਬੰਧ ਦਾ ਅਰਥ ਸਮਝ ਸਕਣਗੇ।
2) ਉਹ ਸਕੂਲ ਸੰਗਠਨ, ਪ੍ਰਸ਼ਾਸਨ ਤੇ ਪ੍ਰਬੰਧਕੀ ਲੋੜਾਂ ਨੂੰ ਸਮਝ ਸਕਣਗੇ।
3) ਉਹ ਸਕੂਲ ਸੰਗਠਨ, ਪ੍ਰਸ਼ਾਸਨ ਤੇ ਪ੍ਰਬੰਧ ਦੇ ਕਾਰਜ ਨੂੰ ਸਮਝ ਸਕਣਗੇ।
4) ਉਹਨਾਂ ਨੂੰ ਲੋਕਤੰਤਰਿਕ ਪ੍ਰਬੰਧ ਦੇ ਅਸੂਲਾਂ ਦਾ ਗਿਆਨ ਹੋਵੇਗਾ।

## 1.2 ਭੂਮਿਕਾ :

ਸਕੂਲ ਸ਼ਕਤੀਸ਼ਾਲੀ ਜੀਵਨ ਦਾ ਕੇਂਦਰ ਹੈ। ਇਸ ਦੇ ਆਸ ਪਾਸ ਦੇ ਜੀਵਨ ਦੀਆਂ ਅਸਲੀਅਤਾਂ ਦੇ ਨਾਲ ਸਿੱਧਾ ਸੰਘਣਾ ਸੰਪਰਕ ਹੁੰਦਾ ਹੈ। ਇਹ ਉਸ ਜੀਵਨ ਦੇ ਸਭ ਤੋਂ ਉਤਮ ਤੇ ਯੋਗ ਤੱਤਾਂ ਨੂੰ ਪ੍ਰਤੀਬਿੰਬਤ ਕਰਦਾ ਹੈ ਜੋ ਆਪਣੀ ਵਧੇਰੇ ਸਰਲਤਾ ਦੇ ਕਾਰਨ ਬੱਚੇ ਦੇ ਮਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ।

ਓਟਾਵੇ ਦੇ ਵਿਚਾਰ ਅਨੁਸਾਰ, ''ਸਕੂਲ ਨੂੰ ਇਕ ਸਮਾਜਕ ਖੋਜ ਕਿਹਾ ਜਾ ਸਕਦਾ ਹੈ। ਜੋ ਬੱਚਿਆਂ ਦੀ ਵਿਸ਼ੇਸ਼ ਸਿਖਲਾਈ ਦੁਆਰਾ ਸਮਾਜ ਦੀ ਸੇਵਾ ਕਰਦਾ ਹੈ।''

## 1.3. ਸਕੂਲ ਸੰਗਠਨ ਦਾ ਅਰਥ :

ਰਾਇਬਰਨ ਦਾ ਵਿਚਾਰ ਹੈ, ''ਸੰਗਠਨ ਤੋਂ ਭਾਵ ਉਹ ਵਿਵਹਾਰਿਕ ਸਾਧਨ ਹਨ ਜਿਨ੍ਹਾਂ ਨੂੰ ਅਸੀਂ ਇਸ ਨਿਸ਼ਚੇ ਨਾਲ ਅਪਨਾਉਂਦੇ ਹਾਂ ਕਿ ਲੋੜੀਂਦੀ ਕਾਰਜ ਯੋਜਨਾ ਸਾਨੂੰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਵਧ ਤੋਂ ਵੱਧ ਸਹਾਇਕ ਅਤੇ ਬੱਚਿਆਂ ਦੇ ਲਈ ਵਧ ਤੋਂ ਵਧ ਲਾਭਦਾਇਕ ਹੋਵੇਗੀ।''

ਐਲਸਬਰੀ ਦੇ ਵਿਚਾਰ, ''ਸਕੂਲ ਸੰਗਠਨ ਸਿਖਿਆ ਸਿਧਾਂਤ ਦਾ ਪ੍ਰਬੰਧਕੀ ਪ੍ਰਗਟਾਵਾ ਹੈ।''
ਸਟੀਡ ਦੇ ਵਿਚਾਰ, ''ਪ੍ਰੋ: ਐਚ.ਜੀ.ਸਟੀਡ ਨੇ ਸੰਗਠਨ ਨੂੰ ਅਜਿਹਾ ਏਜੰਸੀ ਮੰਨਿਆ ਹੈ, ਜਿਸ ਦੁਆਰਾ ਅਸੀਂ ਲੋੜੀਂਦੇ ਉਦੇਸ਼ ਪ੍ਰਾਪਤ ਕਰਦੇ ਹਾਂ।''

### 1.3.1 ਸੰਗਠਨ ਦੇ ਤੱਤ :

ਸੰਗਠਨ ਦੇ ਤਿੰਨ ਤੱਤ ਹੁੰਦੇ ਹਨ ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

1. ਭੌਤਿਕ ਵਸਤਾਂ ਦਾ ਸੰਗਠਨ : ਭੌਤਿਕ ਵਸਤਾਂ ਦੇ ਸੰਗਠਨ ਦਾ ਅਰਥ ਹੈ ਕਿ ਹਰੇਕ ਸਹੂਲਤ ਦੀ

ਨਿਪੁੰਨਤਾ ਨਾਲ ਵਰਤੋਂ ਕੀਤੀ ਜਾਵੇ ਤੇ ਕਿਸੇ ਕਿਸਮ ਦੀ ਫਜ਼ੂਲ-ਖਰਚੀ ਨਾ ਹੋਵੇ। ਇਸ ਵਿਚ ਇਮਾਰਤ, ਫਰਨੀਚਰ, ਜ਼ਰੂਰੀ ਉਪਕਰਨ, ਲਾਇਬ੍ਰੇਰੀ, ਪ੍ਰਯੋਗਸ਼ਲਾਵਾਂ ਆਦਿ ਦਾ ਸੰਗਠਨ ਸ਼ਾਮਲ ਹੈ।

2. ਮਨੁੱਖਾਂ ਦਾ ਸੰਗਠਨ : ਮਨੁੱਖਾਂ ਦੇ ਸੰਗਠਨ ਤੋਂ ਭਾਵ ਸਾਰੇ ਸਬੰਧਤ ਵਿਅਕਤੀਆਂ ਦਾ ਇਸ ਤਰ੍ਹਾਂ ਪ੍ਰਬੰਧ ਕਰਨਾ ਹੈ ਕਿ ਉਹ ਆਯੋਜਿਤ ਪ੍ਰਕਿਰਿਆ ਦੇ ਅਨੁਸਾਰ ਆਪਣੀਆਂ ਯੋਗਤਾਵਾਂ ਤੇ ਸ਼ਕਤੀਆਂ ਨੂੰ ਸੰਤੁਲਿਤ ਰੂਪ ਨਾਲ ਲੋੜੀਂਦੇ ਉਦੇਸ਼ ਲਈ ਵਰਤ ਸਕਣ। ਇਸ ਲਈ ਮਨੁੱਖਾਂ ਦੇ ਸੰਗਠਨ ਵਿਚ ਬੱਚਿਆਂ, ਸਕੂਲ ਸਟਾਫ, ਮਾਹਿਰਾਂ, ਪ੍ਰਬੰਧਕਾਂ ਆਦਿ ਦਾ ਸੰਗਠਨ ਸ਼ਾਮਿਲ ਹੈ।

3. ਵਿਚਾਰਾਂ ਤੇ ਸਿਧਾਂਤਾਂ ਦਾ ਸੰਗਠਨ : ਸੰਗਠਨ ਦੇ ਇਸ ਤੱਤ ਵਿਚ ਅਸੀਂ ਆਧਾਰ, ਪਾਠ ਕਿਰਿਆਵਾਂ ਤੇ ਸਹਿ ਪਾਠ ਕਿਰਿਆਵਾਂ ਵਿਚ ਵਿਚਾਰਾਂ ਤੇ ਸਿਧਾਂਤਾਂ ਨੂੰ ਸ਼ਾਮਲ ਕਰਦੇ ਹਾਂ।

**1.4 ਪ੍ਰਸ਼ਾਸਨ ਦਾ ਅਰਥ :**

**1.4.1 ਸ਼ਬਦੀ ਅਰਥ** : "Administration" ਸ਼ਬਦ ਲੈਟਿਨ ਭਾਸ਼ਾ ਦੇ ਸ਼ਬਦ "Minister" ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਦੂਸਰਿਆਂ ਦੇ ਹਿੱਤ ਦੇ ਲਈ ਕੀਤੀ ਗਈ ਸੇਵਾ।'' (The art of gathering things done thagh others)

ਗੁੱਡ ਦਾ ਵਿਚਾਰ, ''ਨਿਸ਼ਚਿਤ ਨੀਤੀਆਂ ਦੇ ਅਨੁਸਾਰ ਸਿੱਖਿਆ-ਸੰਗਠਨ ਨੂੰ ਚਲਾਉਣ ਲਈ ਅਪਣਾਈਆਂ ਗਈਆਂ ਸਾਰੀਆਂ ਰੀਤੀਆਂ ਤੇ ਪ੍ਰਕਿਰਿਆਵਾਂ ਨੂੰ ਪ੍ਰਸ਼ਾਸਨ ਕਿਹਾ ਜਾਂਦਾ ਹੈ।

ਸਿੱਖਿਆ ਪ੍ਰਸ਼ਾਸਨ ਸਿਖਿਆ ਦੇ ਵਿਸ਼ੇਸ਼ ਉਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਸਾਂਝਾ ਯਤਨ ਹੈ। ਸਿੱਖਿਆ ਪ੍ਰਸ਼ਾਸਨ, ਸਿੱਖਿਆ ਯੋਜਨਾਵਾਂ ਤੇ ਪ੍ਰੋਗਰਾਮਾਂ ਨੂੰ ਸਕੂਲ ਵਿਚ ਕਾਰਜ ਰੂਪ ਦੇਂਦਾ ਹੈ। ਇਹ ਸਿੱਖਿਆ ਪ੍ਰਕਿਰਿਆ ਨੂੰ ਆਯੋਜਿਤ ਕਰਦਾ ਹੈ, ਨਿਰਦੇਸ਼ਤ ਕਰਦਾ ਹੈ, ਕੰਟਰੋਲ ਕਰਦਾ ਹੈ, ਕਾਰਜ ਰੂਪ ਦਿੰਦਾ ਹੈ ਤੇ ਉਸਦਾ ਮੁੱਲ ਅੰਕਣ ਕਰਦਾ ਹੈ।

ਸਿੱਖਿਆ ਪ੍ਰਸ਼ਾਸਨ ਸਕੂਲਾਂ ਤੇ ਕਾਲਜਾਂ ਤੋਂ ਲੈ ਕੇ ਸੱਕਤਰੇਤ ਤੱਕ ਸਾਰੀਆਂ ਸਿੱਖਿਆ ਸੰਸਥਾਵਾਂ ਦੇ ਨਾਲ ਸਬੰਧਤ ਹੈ। ਇਸ ਦਾ ਸਬੰਧ (1) ਮਨੁੱਖੀ ਤੇ (2) ਭੌਤਿਕ ਦੋਹਾਂ ਪ੍ਰਕਾਰ ਦੇ ਸਾਧਨਾਂ ਨਾਲ ਹੈ। ਸਕੂਲ ਪ੍ਰਸ਼ਾਸਨ ਸਿੱਖਿਆ ਪ੍ਰਸ਼ਾਸਨ ਦਾ ਅੰਗ ਹੈ। ਇਸ ਦਾ ਮੁੱਖ ਕੇਂਦਰ ਬਿੰਦੂ ਸਕੂਲ ਹੈ। ਸਕੂਲ ਪ੍ਰਸ਼ਾਸਨ ਸਕੂਲ ਦੀਆਂ ਨੀਤੀਆਂ ਤੇ ਉਨ੍ਹਾਂ ਦੇ ਨਿਰਦੇਸ਼ਨ ਤੇ ਕੰਟਰੋਲ ਦੇ ਨਾਲ ਸਬੰਧਤ ਹੈ।

**1.5 ਸਕੂਲ ਪ੍ਰਬੰਧ ਦਾ ਅਰਥ :**

ਸਕੂਲ ਪ੍ਰਬੰਧ ਦਾ ਭਾਵ ਹੈ ਸਕੂਲ ਨੂੰ ਚਲਾਉਣ ਲਈ ਜ਼ਿੰਮੇਵਾਰ ਪ੍ਰਬੰਧਤ ਕਮੇਟੀ। ਸਕੂਲ ਦੀ ਪ੍ਰਬੰਧਕ ਕਮੇਟੀ ਸਕੂਲ ਦੇ ਮੌਲਿਕ ਮਾਮਲਿਆਂ ਅਤੇ ਉਸ ਦੀ ਸਾਧਾਰਨ ਨੀਤੀ ਦੀ ਜ਼ਿੰਮੇਵਾਰ ਹੈ। ਪ੍ਰਬੰਧ ਸਕੂਲ ਨੂੰ ਸ਼ਕਤੀਸ਼ਾਲੀ ਬਣਾਉਂਦਾ ਹੈ। ਇਸ ਦੇ ਨਾਲ ਹੀ ਪ੍ਰਬੰਧ ਸਕੂਲ ਦੇ ਸਭ ਦੋਸ਼ਾਂ ਤੇ ਕਮੀਆਂ ਨੂੰ ਦੂਰ ਕਰਦਾ ਹੈ। ਸਕੂਲ ਦਾ ਚੰਗਾ ਪ੍ਰਬੰਧ ਸਟਾਫ ਦਾ ਹੌਸਲਾ ਤੇ ਉਤਸ਼ਾਹ ਵਧਾਉਂਦਾ ਹੈ ਇਹ ਹਰੇਕ ਸਟਾਫ ਮੈਂਬਰ ਦੀ ਕਦਰ ਪਛਾਣਦਾ ਹੈ ਤੇ ਕੰਮ ਨਾ ਕਰਨ ਵਾਲੇ ਮੈਂਬਰਾਂ ਦਾ ਸੁਧਾਰ ਕਰਦਾ ਜਾਂ ਉਨ੍ਹਾਂ ਦੀ ਛਾਂਟੀ ਕਰ ਦਿੰਦਾ ਹੈ। ਸਕੂਲ ਪ੍ਰਬੰਧ ਸਕੂਲਾਂ ਵਿਚ ਵਿਦਿਅਕ ਸਕੀਮਾਂ, ਪ੍ਰੋਗਰਾਮਾਂ ਤੇ ਪ੍ਰਯੋਗਾਂ ਦਾ ਪ੍ਰਬੰਧ ਹੈ। ਇਸ ਨੂੰ ਨਕਸ਼ਿਆਂ, ਉਪਕਰਨਾਂ ਦੇ ਪ੍ਰਬੰਧ, ਧਨ, ਪਦਾਰਥ ਤੇ ਵਿਧੀਆਂ ਦੇ ਵਿਗਿਆਨ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਸਕੂਲ ਪ੍ਰਬੰਧ ਤੋਂ ਭਾਵ ਨਿਯੋਜਨ, ਸੰਗਠਨ, ਕਰਮਚਾਰੀਆਂ ਦੀ ਅਗਵਾਈ ਕੰਟਰੋਲ, ਅਮਲ ਤੇ ਵਿਦਿਅਕ ਪ੍ਰਕਿਰਿਆ ਦੇ ਮੁਲਾਂਕਣ ਤੋਂ ਹੈ।

**1.5.1 ਪਦਾਰਥਿਕ ਉਪਕਰਨਾਂ ਦਾ ਪ੍ਰਬੰਧ** : ਇਸ ਵਿਚ ਸਕੂਲ ਪਲਾਟ ਸ਼ਾਮਲ ਹੈ ਅਰਥਾਤ ਸਕੂਲ ਦਾ ਭਵਨ, ਫਰਨੀਚਰ, ਪੁਸਤਕਾਲਾ, ਪ੍ਰਯੋਗਸ਼ਾਲਾਵਾਂ, ਕਾਰਜਸ਼ਾਲਾਵਾਂ, ਅਜਾਇਬ ਘਰ, ਖੇਡ ਦੇ ਮੈਦਾਨ ਆਦਿ।

**1.5.2 ਮਾਨਵੀ ਉਪਰਕਨਾਂ ਦਾ ਪ੍ਰਬੰਧ** : ਇਸ ਵਿਚ ਸ਼ਾਮਲ ਹਨ ਵਿਦਿਆਰਥੀ, ਅਧਿਆਪਕ, ਸੰਸਥਾ ਦਾ ਪ੍ਰਮੁੱਖ, ਵਿਸ਼ੇਸ਼ਗ, ਪ੍ਰਬੰਧ ਮੰਡਲ ਆਦਿ।

**1.5.3 ਵਿਚਾਰ ਤੇ ਸਿਧਾਂਤ** : ਇਸ ਦਾ ਅਰਥ ਹੈ ਸਕੂਲ ਪ੍ਰਣਾਲੀ, ਸਮਾਂ ਸਾਰਨੀ, ਅਨੁਸ਼ਾਸਨ, ਪਾਠਕ੍ਰਮ, ਸਹਿਪਾਠੀ ਕਿਰਿਆਵਾਂ, ਮੁਲਾਂਕਣ, ਅਧੀਨ ਸਟਾਫ ਆਦਿ ਵਿਚ ਵਿਚਾਰਾਂ ਤੇ ਸਿਧਾਂਤਾਂ ਦਾ ਸੰਗਠਨ ਕਰਨਾ।

**1.6 ਸਕੂਲ ਸੰਗਠਨ, ਪ੍ਰਬੰਧ ਤੇ ਪ੍ਰਸ਼ਾਸਨ ਦੀ ਲੋੜ :**

**1.6.1 ਸਿੱਖਿਆ ਉਦੇਸ਼ਾਂ ਦੀ ਪ੍ਰਾਪਤੀ** : ਸਕੂਲ ਸੰਗਠਨ, ਪ੍ਰਬੰਧ ਤੇ ਪ੍ਰਸ਼ਾਸਨ ਦਾ ਉਦੇਸ਼ ਸਿੱਖਿਆ ਮਾਹਰਾਂ ਦੁਆਰਾ ਨਿਰਧਾਰਿਤਕ ਸਿੱਖਿਆ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੈ।

1.6.2 **ਸਕੂਲ ਦੇ ਕੰਮਾਂ ਨੂੰ ਪਰਿਭਾਸ਼ਿਤ ਕਰਨਾ** : ਸਕੂਲ ਸੰਗਠਨ, ਪ੍ਰਬੰਧ ਤੇ ਪ੍ਰਸ਼ਾਸਨ ਸਕੂਲ ਦੇ ਪ੍ਰੋਗਰਾਮਾਂ ਨੂੰ ਨਿਸ਼ਚਿਤ ਤੇ ਪਰਿਭਾਸ਼ਿਤ ਕਰਦਾ ਹੈ। ਇਸ ਨਾਲ ਸਿੱਖਿਆ ਸੰਸਥਾ ਦੀਆਂ ਨੀਤੀਆਂ ਤੇ ਕਿਰਿਆਵਾਂ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਸਿੱਖਿਆ ਨੂੰ ਬੱਚਿਆਂ ਦੇ ਵਿਕਾਸ ਲਈ ਵਰਤਿਆ ਜਾ ਸਕੇ।

1.6.3 **ਸਕੂਲ ਕਿਰਿਆਵਾਂ ਵਿਚ ਤਾਲਮੇਲ** : ਸਕੂਲ ਸੰਗਠਨ ਤੇ ਪ੍ਰਬੰਧ ਸਕੂਲ ਦੀਆਂ ਵੱਖ-ਵੱਖ ਕਿਰਿਆਵਾਂ ਤੇ ਉਸਦੇ ਪ੍ਰੋਗਰਾਮਾਂ ਵਿਚ ਤਾਲਮੇਲ ਕਾਇਮ ਕਰਦਾ ਹੈ। ਇਹ ਯੋਜਨਾ ਤੇ ਵਿਵਹਾਰ, ਉਦੇਸ਼ਾਂ ਤੇ ਕਾਰਜਾਂ ਵਿਚ ਸੰਤੁਲਨ ਕਾਇਮ ਕਰਦਾ ਹੈ।

1.6.4 **ਫਜ਼ੂਲ ਖਰਚੀ ਨੂੰ ਘੱਟ ਕਰਨਾ** : ਸਕੂਲ ਸੰਗਠਨ ਤੇ ਪ੍ਰਬੰਧ ਸਕੂਲ ਦੀ ਕਾਰਜ ਵਿਧੀ ਨੂੰ ਨਿਯਮਤ ਕਰਕੇ ਵਸਤਾਂ ਤੇ ਮਨੁੱਖੀ ਸਾਧਨਾਂ ਦੀ ਫਜ਼ੂਲ ਖਰਚੀ ਨੂੰ ਘੱਟ ਕਰਦਾ ਹੈ। ਇਹ ਸਮੁਚੀ ਕਾਰਜ ਵਿਧੀ ਦੇ ਸੰਚਾਲਨ ਨੂੰ ਸੰਤੋਖਮਈ ਬਣਾਉਂਦਾ ਹੈ।

1.6.5 **ਪ੍ਰਭਾਵਸ਼ੀਲਤਾ ਪ੍ਰਦਾਨ ਕਰਨਾ** : ਸੰਗਠਨ ਪ੍ਰਬੰਧ ਨੂੰ ਸਕੂਲ ਪ੍ਰਸ਼ਾਸਨ ਸਿੱਖਿਆ ਪ੍ਰੋਗਰਾਮ ਨੂੰ ਸਰਲ ਤੇ ਪ੍ਰਭਾਵਮਈ ਬਣਾਉਂਦਾ ਹੈ। ਇਹ ਜਟਿਲਤਾ ਨੂੰ ਸਰਲ ਬਣਾ ਕੇ ਸਰਵੋਤਮ ਸਿੱਟਿਆਂ ਨੂੰ ਯਕੀਨੀ ਬਣਾਉਂਦਾ ਹੈ।

1.6.6 **ਉਚਿਤ ਵਾਤਾਵਰਣ ਪੈਦਾ ਕਰਨਾ** : ਸਕੂਲ ਸੰਗਠਨ, ਪ੍ਰਬੰਧ ਤੇ ਪ੍ਰਸ਼ਾਸਨ, ਬੱਚਿਆਂ ਦੇ ਵਿਕਾਸ ਦੇ ਲਈ ਉਚਿਤ ਵਾਤਾਵਰਨ ਪੈਦਾ ਕਰਦਾ ਹੈ। ਇਹ ਉਹਨਾਂ ਦੇ ਦ੍ਰਿਸ਼ਟੀਕੋਣਾਂ ਨੂੰ ਵਿਆਪਕਤਾ ਪ੍ਰਦਾਨ ਕਰਦਾ ਹੈ। ਉਹਨਾਂ ਦੀਆਂ ਯੋਗਤਾਵਾਂ ਨੂੰ ਟਰੇਂਡ ਕਰਦਾ ਹੈ।

1.6.7 **ਪ੍ਰਯੋਗਤਾਮਿਕਤਾ ਨੂੰ ਆਰੰਭ ਕਰਨਾ** : ਸਕੂਲ ਸਗੰਠਨ ਤੇ ਪ੍ਰਬੰਧ ਦਾ ਉਦੇਸ਼ ਸਮਾਜ ਦੀਆਂ ਬਦਲਦੀਆਂ ਹੋਈਆਂ ਲੋੜਾਂ, ਬਦਲਦੇ ਹੋਏ ਉਦੇਸ਼ਾਂ ਉਤੇ, ਢਾਚੇ ਦੇ ਅਨੁਕੂਲ ਪ੍ਰਯੋਗਾਤਮਿਕਤਾ, ਖੋਜ ਤੇ ਅਨੁਵਰਤੀ-ਕਿਰਿਆ ਦੇ ਲਈ ਉਚਿਤ ਹਾਲਾਤ ਪੈਦਾ ਕਰਨਾ ਹੈ।

1.7 **ਸਕੂਲ ਪ੍ਰਬੰਧ, ਪ੍ਰਸ਼ਾਸਨ ਤੇ ਸੰਗਠਨ ਦੇ ਕੰਮ ਜਾਂ ਕਾਰਜ** :

ਸਕੂਲ ਪ੍ਰਬੰਧ, ਸੰਗਠਨ ਤੇ ਪ੍ਰਸ਼ਾਸਨ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿਚ ਕਈ ਪ੍ਰਕਾਰ ਦੇ ਕੰਮ ਤੇ ਅੰਗ ਸ਼ਾਮਲ ਹਨ। ਇਹ ਹੇਠ ਲਿਖੇ ਹਨ :

1.7.1 **ਯੋਜਨਾਬੰਦੀ** : ਯੋਜਨਾਬੰਦੀ ਤੋਂ ਭਾਵ ਹੈ ਆਰੰਭ ਤੋਂ ਲੈ ਕੇ, ਅੰਤ ਤੱਕ ਪ੍ਰਸ਼ਾਸਨ ਦੀ ਪਹਿਲੇ ਹੀ ਯੋਜਨਾ ਬਣਾਉਣਾ। ਯੋਜਨਾਬੰਦੀ ਦੀ ਲੋੜ ਮੁੱਢਲੀ ਵਿਚਕਾਰਲੀ ਤੇ ਅੰਤਲੀ ਸਟੇਜ ਤੇ ਹੁੰਦੀ ਹੈ। ਯੋਜਨਾਬੰਦੀ ਆਪਣੇ ਆਪ ਵਿਚ ਟੀਚਾ ਨਹੀਂ ਹੈ ਸਗੋਂ ਟੀਚਾ ਪ੍ਰਾਪਤੀ ਦਾ ਸਾਧਨ ਹੈ।

1.7.2 **ਪ੍ਰਬੰਧਕਾਰੀ** : ਪ੍ਰਬੰਧਕਾਰੀ ਸਭ ਚੀਜ਼ਾਂ ਨੂੰ ਠੁੱਕ ਸਿਰ ਰੱਖਣ ਤੇ ਸਕੂਲ ਨੂੰ ਉਚਿਤ ਵਾਤਾਵਰਨ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਪ੍ਰਸ਼ਾਸਨਕਾਰੀ ਦੋਹਰੀ ਕਾਰਜਸ਼ੀਲਤਾ ਹੈ ਇਕ ਪਾਸੇ ਇਹ ਲੋੜੀਂਦੇ ਮਨੁੱਖੀ ਸਮਾਜ ਨੂੰ ਤਰਤੀਬ ਦਿੰਦੀ ਹੈ ਤੇ ਦੂਜੇ ਪਾਸੇ ਸਕੂਲ ਲਈ ਲੋੜੀਂਦੇ ਗ਼ੈਰ-ਮਨੁੱਖੀ ਸਮਾਜ ਦਾ ਪ੍ਰਬੰਧ ਕਰਦੀ ਹੈ।

1.7.3 **ਦਿਸ਼ਾ** : ਦਿਸ਼ਾ ਦਾ ਭਾਵ ਹੈ, ਸਕੂਲ ਨੂੰ ਚੰਗੀ ਤਰ੍ਹਾਂ ਚਲਾਉਣ ਵਾਲੀ ਅਗਵਾਈ ਪ੍ਰਦਾਨ ਕਰਨਾ। ਦਿਸ਼ਾ ਇਹ ਦਰਸਾਉਂਦੀ ਹੈ ਕਿ ਕੋਈ ਕੰਮ ਕਦੋਂ ਸ਼ੁਰੂ ਕਰਨਾ ਹੈ ਤੇ ਕਦੋਂ ਖ਼ਤਮ ਕਰਨਾ ਹੈ। ਦਿਸ਼ਾ ਸਕੂਲ ਦੇ ਮੁੱਖ ਅਧਿਆਪਕ ਵਲੋਂ ਮਿਲਣੀ ਚਾਹੀਦੀ ਹੈ।

1.7.4 **ਤਾਲਮੇਲ** : ਤਾਲਮੇਲ ਸਕੂਲ ਦੀਆਂ ਸਭ ਕਾਰਜਸ਼ੀਲਤਾਵਾਂ ਨੂੰ ਅੰਤਰ-ਸੰਬੰਧਿਤ ਰੱਖਦਾ ਹੈ। ਇਹ ਸਕੂਲ ਦੀਆਂ ਕਾਰਜਸ਼ੀਲਤਾਵਾਂ ਵਿਚ ਸਮਤੋਲ ਉਤਪੰਨ ਕਰਦਾ ਹੈ। ਮੁੱਖ ਅਧਿਆਪਕ ਰਾਹੀਂ ਤਾਲਮੇਲ, ਕਾਇਮ ਕੀਤਾ ਜਾਣਾ ਚਾਹੀਦਾ ਹੈ। ਉਸਨੂੰ ਤਾਲਮੇਲ ਰਾਹੀਂ ਸਭ ਕਾਰਜਸ਼ੀਲਤਾਵਾਂ ਨੂੰ ਠੀਕ ਤਰ੍ਹਾਂ ਚਲਾਉਣ ਦਾ ਫਰਜ ਨਿਭਾਣਾ ਚਾਹੀਦਾ ਹੈ।

1.7.5 **ਬਜਟ ਬਣਾਉਣਾ** : ਸਕੂਲ ਪ੍ਰਸ਼ਾਸਨ ਦੇ ਕੰਮ ਵਿਚ ਸਕੂਲ ਦਾ ਆਰਥਿਕ ਪੱਖ ਵੀ ਬੜਾ ਮਹੱਤਵਪੂਰਨ ਹੈ। ਸਕੂਲ ਦੀ ਆਰਥਿਕ ਹਾਲਤ ਚੰਗੀ ਹੋਣੀ ਚਾਹੀਦੀ ਹੈ। ਇਸ ਲਈ ਪ੍ਰਬੰਧਕ ਨੂੰ ਸਭ ਸਾਧਨਾਂ ਨੂੰ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਉਸਨੂੰ ਹਰੇਕ ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰਖਦਿਆਂ ਉਸ ਲਈ ਨਿਸ਼ਚਿਤ ਰਕਮ ਵੱਖਰੀ ਰਖਣੀ ਪੈਂਦੀ ਹੈ।

1.7.6 **ਪ੍ਰਯੋਗਾਤਮਕਤਾ** : ਸਿੱਖਿਆ ਸੰਬੰਧੀ ਖੋਜਾਂ ਤੇ ਪ੍ਰਯੋਗਾਂ ਲਈ ਮੌਕਾ ਪ੍ਰਦਾਨ ਕਰਨਾ ਸਕੂਲ ਪ੍ਰਸ਼ਾਸ਼ਨ ਦਾ

ਇਕ ਜ਼ਰੂਰੀ ਭਾਗ ਹੈ। ਅੱਜ ਦੇ ਵਿਗਿਆਨਿਕ ਯੁੱਗ ਵਿਚ ਸਭ ਪਾਸੇ ਬੜੀ ਤੇਜ਼ੀ ਨਾਲ ਤਬਦੀਲੀਆਂ ਆ ਗਈਆਂ ਹਨ ਤੇ ਸਿੱਖਿਆ ਸੰਸਥਾਵਾਂ ਨੂੰ ਉਨ੍ਹਾਂ ਅਨੁਸਾਰ ਆਪਣੀਆਂ ਕਾਰਜਸ਼ੀਲਤਾਵਾਂ ਤਬਦੀਲ ਕਰਨੀਆਂ ਚਾਹੀਦੀਆਂ ਹਨ। ਇਹ ਤਦ ਹੀ ਸੰਭਵ ਹੈ ਜੇ ਸਿੱਖਿਆ ਸੰਬੰਧੀ ਨਵੇਂ ਪ੍ਰਯੋਗਾਂ ਨੂੰ ਕਾਫ਼ੀ ਉਤਸ਼ਾਹ ਦਿੱਤਾ ਜਾਵੇ।

1.7.7 **ਮੁਲਾਂਕਣ** : ਸਕੂਲ ਪ੍ਰਸ਼ਾਸਨ ਵਿਚ ਮੁਲਾਂਕਣ ਵੀ ਬੜੀ ਜ਼ਰੂਰੀ ਚੀਜ਼ ਹੈ। ਵਿਦਿਆਰਥੀਆਂ ਦੇ ਅੰਤਰਕ ਮੁਲਾਂਕਣ ਨੂੰ ਮਾਨਤਾ ਦੇਣ ਦੀ ਵੀ ਬੜੀ ਲੋੜ ਹੈ। ਇਸ ਤੋਂ ਉਪਰੰਤ ਸਮੇਂ-ਸਮੇਂ ਸਿਰ ਵਿਦਿਆਰਥੀਆਂ ਦੇ ਭੌਤਿਕ, ਮਾਨਸਿਕ, ਬੌਧਿਕ ਤੇ ਸਮਾਜਿਕ ਵਿਕਾਸ ਦਾ ਪਤਾ ਲਗਾਉਂਦੇ ਰਹਿਣਾ ਵੀ ਜ਼ਰੂਰੀ ਹੈ।

1.7.8 **ਕੰਟਰੋਲ ਕਰਨਾ** : ਕੰਟਰੋਲ ਦਾ ਅਰਥ ਸਮੁੱਚੇ ਅਮਨ ਦੀ ਨਿਗਰਾਨੀ ਕਰਨਾ ਹੈ। ਸਿੱਖਿਆ ਦੇ ਹਰੇ ਕ ਅੰਗ ਉਤੇ ਜਿਵੇਂ ਪਾਠ ਪੁਸਤਕਾਂ, ਟਾਈਮ-ਟੇਬਲ, ਪਾਠ ਸਹਾਇਕ ਕਾਰਜਸ਼ੀਲਤਾ, ਆਰਥਿਕ ਹਾਲਤ ਤੇ ਬਜਟ ਆਦਿ ਉਤੇ ਕੰਟਰੋਲ ਕਰਨ ਦੀ ਲੋੜ ਹੈ। ਸੰਸਥਾ ਦਾ ਮੁੱਖੀ ਪ੍ਰਸ਼ਾਸਨ ਕੰਟਰੋਲਰ ਹੁੰਦਾ ਹੈ। ਸਕੂਲ ਦਾ ਚਲਣਾ ਉਸਦੇ ਠੀਕ ਅਤੇ ਨਿਆਇਸ਼ੀਲ ਕੰਟਰੋਲ ਉਤੇ ਨਿਰਭਰ ਹੈ। ਕੰਟਰੋਲ ਰਾਹੀਂ ਇਕ ਪਾਸੇ ਮਨੋਰਥਾਂ ਤੇ ਸਮਾਨ ਵਿਚਕਾਰ ਤੇ ਮਨੋਰਥਾਂ ਤੇ ਵਿਧੀਆਂ ਵਿਚਕਾਰ ਠੀਕ ਸੰਬੰਧ ਕਾਇਮ ਕੀਤਾ ਜਾ ਸਕਦਾ ਹੈ।

## 1.8 ਲੋਕਤੰਤਰਿਕ ਪ੍ਰਬੰਧ ਦੇ ਅਸੂਲ :

1.8.1 **ਜ਼ਿੰਮੇਵਾਰੀ ਵੰਡਣ ਦਾ ਅਸੂਲ** : ਲੋਕਤੰਤਰਿਕ ਮੁੱਖ ਅਧਿਆਪਕ ਆਪਣੇ ਆਪ ਨੂੰ ਦੂਜਿਆ ਦਾ ਅਫਸਰ ਨਹੀਂ ਸਮਝਦਾ। ਉਹ ਆਪਣੇ ਅਧਿਕਾਰਾਂ ਨੂੰ ਆਪਣੇ ਸਹਿ ਕਰਮਚਾਰੀਆਂ ਤੇ ਵਿਦਿਆਰਥੀਆਂ ਪ੍ਰਤਿਨਿਧਾਂ ਵਿਚ ਵੰਡ ਦਿੰਦਾ ਹੈ। ਇਸ ਨਾਲ ਸਟਾਫ ਤੇ ਵਿਦਿਆਰਥੀ ਆਪਣੇ ਆਪ ਨੂੰ ਸਕੂਲ ਪ੍ਰਬੰਧ ਦਾ ਭਾਗ ਸਮਝਣ ਲੱਗ ਪੈਂਦੇ ਹਨ ਤੇ ਸਕੂਲ ਦੀ ਭਲਾਈ ਲਈ ਵਧ ਚੱੜ੍ਹ ਕੇ ਕੰਮ ਕਰਦੇ ਹਨ।

1.8.2 **ਬਰਾਬਰੀ ਦਾ ਅਸੂਲ** : ਲੋਕਤੰਤਰਿਕ ਪ੍ਰਸ਼ਾਸਨ ਆਪਣੇ ਸਟਾਫ ਮੈਂਬਰਾਂ ਨੂੰ ਸਮਾਜਿਕ ਤੌਰ ਤੇ ਬਰਾਬਰ ਸਮਝਦਾ ਹੈ। ਉਹ ਕੋਈ ਫੈਸਲਾ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਨਹੀਂ ਕਰਦਾ। ਉਹ ਉਨ੍ਹਾਂ ਨੂੰ ਪ੍ਰਬੰਧ ਵਿਚ ਹੱਥ ਵੰਡਾਉਣ ਤੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣ ਦਾ ਪੂਰਾ ਅਵਸਰ ਪ੍ਰਦਾਨ ਕਰਦਾ ਹੈ।

1.8.3 **ਸੁੰਤਤਰਤਾ ਦਾ ਅਸੂਲ** : ਲੋਕਤੰਤਰਿਕ ਪ੍ਰਬੰਧ ਸਟਾਫ ਮੈਂਬਰਾਂ ਨੂੰ ਪੂਰੀ ਸੁਤੰਤਰਤਾ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਹਰੇਕ ਕੰਮ ਆਪਣੀ ਸੁਤੰਤਰ ਮਰਜ਼ੀ ਅਨੁਸਾਰ ਕਰ ਸਕਣ। ਅਧਿਆਪਕ ਨੂੰ ਆਪਣੀ ਮਰਜ਼ੀ ਦੀ ਵਿਧੀ ਅਨੁਸਾਰ ਜਮਾਤ ਨੂੰ ਪੜਾਉਣ ਦੀ ਸੁੰਤਤਰਤਾ ਪ੍ਰਦਾਨ ਕਰਦਾ ਹੈ। ਵਿਦਿਆਰਥੀਆਂ ਨੂੰ ਵੀ ਕਾਫ਼ੀ ਸੁਤੰਤਰਤਾ ਦਿੱਤੀ ਜਾਂਦੀ ਹੈ।

1.8.4 **ਸਹਿਕਾਰਤਾ ਦਾ ਅਸੂਲ** : ਸਕੂਲ ਚਲਾਉਣਾ ਕੇਵਲ ਇਕ ਬੰਦੇ ਦਾ ਕੰਮ ਨਹੀਂ ਹੈ। ਸਟਾਫ ਦੇ ਹਰੇਕ ਮੈਂਬਰ ਨੂੰ ਦੂਜੇ ਮੈਂਬਰਾਂ, ਮੁੱਖ ਅਧਿਆਪਕ ਤੇ ਸੰਸਥਾ ਨਾਲ ਪੂਰਾ ਮਿਲਵਰਤਣ ਦੇਣਾ ਚਾਹੀਦਾ ਹੈ। ਕੇਵਲ ਇਸ ਤਰੀਕੇ ਨਾਲ ਹੀ ਸਕੂਲ ਚੰਗੀ ਤਰ੍ਹਾਂ ਚਲ ਸਕਦਾ ਹੈ।

1.8.5 **ਨਿਆਂ ਦਾ ਅਸੂਲ** : ਲੋਕਤੰਤਰਕ ਪ੍ਰਬੰਧ ਵਿਚ ਮੁਖੀ ਵਲੋਂ ਹਰੇਕ ਨੂੰ ਪੂਰਾ-ਪੂਰਾ ਨਿਆਂ ਮਿਲਣਾ ਚਾਹੀਦਾ ਹੈ। ਇਸ ਵਿਚ ਕਿਸੇ ਵਿਸ਼ੇਸ਼ ਬੰਦੇ ਦਾ ਵੱਖਰਾ ਲਿਹਾਜ ਨਹੀਂ ਕੀਤਾ ਜਾਂਦਾ।

1.8.6 **ਵਿਅਕਤੀਗਤ ਯੋਗਤਾ ਦੀ ਮਾਨਤਾ ਦਾ ਅਸੂਲ** : ਲੋਕਤੰਤਰਿਕ ਪ੍ਰਬੰਧ ਵਿਚ ਮੁੱਖੀ ਹਰੇਕ ਬੰਦੇ ਦਾ ਪੂਰਾ-ਪੂਰਾ ਧਿਆਨ ਰੱਖਦਾ ਹੈ। ਉਹ ਹਰੇਕ ਨੂੰ ਚੰਗੀ ਤਰ੍ਹਾਂ ਸਮਝ ਕੇ ਉਸਦੀ ਵਿਅਕਤੀਗਤ ਯੋਗਤਾ ਦੀ ਕਦਰ ਕਰਦਾ ਹੈ।

1.8.7 **ਆਗੂਪੁਣੇ ਦਾ ਅਸੂਲ** : ਮੁੱਖ ਅਧਿਆਪਕ ਨੂੰ ਸਟਾਫ ਮੈਂਬਰ ਵਿਦਿਆਰਥੀ ਤੇ ਬਰਾਦਰੀ ਦੀ ਅਗਵਾਈ ਕਰਨੀ ਚਾਹੀਦੀ ਹੈ। ਇਸ ਅਗਵਾਈ ਰਾਹੀਂ ਉਹ ਆਪਣੇ ਆਪ ਨੂੰ ਦੂਜਿਆਂ ਤੇ ਥੋਪਣ ਦਾ ਯਤਨ ਨਾ ਕਰੇ ਸਗੋਂ ਸਭ ਦੀ ਸੁੰਤਤਰਤਾ ਕਾਇਮ ਰੱਖਦਿਆਂ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਵਾਲੀ ਅਗਵਾਈ ਬਖਸ਼ੇ।

1.8.8 **ਲੋਕਤੰਤਰਕ ਫਿਲਾਸਫੀ ਦਾ ਸਿਧਾਂਤ** : ਸਕੂਲ ਦੇ ਮੁੱਖ ਅਧਿਆਪਕ ਦੀ ਲੋਕਤੰਤਰਿਕ ਫਿਲਾਸਫੀ ਸੰਸਥਾ ਨੂੰ ਚੰਗੇ ਤਰੀਕੇ ਨਾਲ ਚੱਲਣ ਵਿਚ ਸਹਾਇਤਾ ਕਰਦੀ ਹੈ। ਸੰਸਥਾ ਨੂੰ ਚਲਾਉਣ ਵਾਲੇ ਆਗੂ ਫੈਸਲੇ ਲੈਣ ਵੇਲੇ ਤੇ ਉਹਨਾਂ ਫੈਸਲਿਆਂ ਨੂੰ ਅਮਲੀ ਜਾਮਾ ਪਹਿਨਾਉਣ ਵਲੋਂ ਲੋਕੰਤਤਰਿਕ ਤਰੀਕਾ ਹੀ ਅਪਣਾਉਂਦੇ ਹਨ।

1.8.9 **ਲਚੀਲੇਪਨ ਦਾ ਸਿਧਾਂਤ** : ਲੋਕਤੰਤਰ ਵਿਚਾਰਾਂ ਵਾਲਾ ਸਕੂਲ ਦੀ ਮੁੱਖ ਅਧਿਆਪਕ ਲਚੀਲੇਪਨ ਦੇ ਸਿਧਾਂਤ ਵਿਚ ਵਿਸ਼ਵਾਸ ਰਖਦਾ ਹੈ। ਉਹ ਹਮੇਸ਼ਾਂ ਸੰਸਥਾ ਦੇ ਹਿੱਤਾਂ ਦਾ ਖ਼ਿਆਲ ਰਖਦੇ ਹੋਏ ਦੂਜਿਆ ਦੀ ਗੱਲ ਸੁਣਨ ਤੇ ਉਸ ਨੂੰ ਮੰਨਣ ਲਈ ਤਿਆਰ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਦਾ ਅੜੀਅਲ ਸੁਭਾਅ ਨਹੀਂ ਅਪਣਾਉਂਦਾ।

1.9 **ਸਾਰ** :

ਸਕੂਲ ਪ੍ਰਬੰਧ ਦਾ ਮੁੱਖ ਉਦੇਸ਼ ਇਹ ਹੈ ਕਿ ਸਮਾਜ ਵਲੋਂ ਮਿੱਥੇ ਹੋਏ ਟੀਚੇ ਪੂਰੇ ਕੀਤੇ ਜਾਣ। ਸਕੂਲ ਇਨ੍ਹਾਂ ਟੀਚਿਆਂ ਨੂੰ ਪੂਰੇ ਕਰਨ ਲਈ ਹੀ ਖੋਲ੍ਹੇ ਜਾਂਦੇ ਹਨ। ਸਰ ਗਰਾਹਮ ਬਲਫੋਰ ਅਨੁਸਾਰ, ''ਸਕੂਲ ਪ੍ਰਸ਼ਾਸਨ ਰਾਹੀਂ ਠੀਕ ਕਿਸਮ ਦੇ ਵਿਦਿਆਰਥੀ, ਠੀਕ ਕਿਸਮ ਦੇ ਅਧਿਆਪਕਾਂ ਤੋਂ ਠੀਕ ਕਿਸਮ ਦੀ ਸਿੱਖਿਆ ਪ੍ਰਾਪਤ ਕਰਨ। ਇਸ ਉਤੇ ਕੇਵਲ ਉਨਾ ਹੀ ਖਰਚ ਹੋਵੇ, ਜਿਹੜਾ ਦੇਸ਼ ਅਸਾਨੀ ਨਾਲ ਝੱਲ ਸਕੇ ਅਤੇ ਇਸ ਲਾਲ ਅਜਿਹੇ ਵਿਦਿਆਰਥੀ ਤਿਆਰ ਹੋਣ ਜਿਹੜੇ ਦੇਸ਼ ਦੇ ਲਾਭਦਾਇਕ ਮੈਂਬਰ ਬਣ ਸਕਣ।'' ਸਿੱਖਿਆ ਦਾ ਪ੍ਰਬੰਧ ਸਮੇਂ ਅਤੇ ਸਥਾਨ ਦੀਆਂ ਲੋੜਾਂ ਨਾਲ ਸੰਬੰਧਿਤ ਹੈ। ਇਸ ਲਈ ਸਕੂਲ ਪ੍ਰਸ਼ਾਸਨ ਦੇ ਮਨੋਰਥ ਅਤੇ ਟੀਚੇ ਸਮੇਂ ਅਤੇ ਸਥਾਨ ਦੀ ਤਬਦੀਲੀ ਅਨੁਸਾਰ ਬਦਲਦੇ ਰਹਿੰਦੇ ਹਨ। ਸਮੁੱਚਾ ਸਕੂਲ ਪ੍ਰਸ਼ਾਸਨ ਲੋਕਾਂ ਦੀ ਭਲਾਈ ਖਾਤਰ ਹੁੰਦਾ ਹੈ ਅਤੇ ਇਸਦੀ ਸਫਲਤਾ ਇਸ ਗੱਲ ਨਾਲ ਮਾਪੀ ਜਾਂਦੀ ਹੈ ਕਿ ਇਹ ਸਿੱਖਿਆ ਰਾਹੀਂ ਲੋਕਾਂ ਦੀ ਕਿੰਨੀ ਕੁ ਭਲਾਈ ਕਰ ਸਕਦਾ ਹੈ।

1.10 **ਮੁੱਖ ਬਿੰਦੂ: ਸਕੂਲ ਸੰਗਠਨ–** ਸਕੂਲ ਸੰਗਠਨ ਮੁੱਖ ਤੌਰ ਤੇ ਪੂਰਵ ਕਾਰਜਕਾਰੀ ਅਵਸਥਾ ਨਾਲ ਸੰਬੰਧਤ ਹੈ।

1.11 **ਸਵੈ-ਮੁਲਾਂਕਣ ਪ੍ਰਸ਼ਨ** :

1. ਸਕੂਲ ਨੂੰ ਇਕ ਸਮਾਜਿਕ ਖੋਜ ਕਿਹਾ ਜਾ ਸਕਦਾ ਹੈ (ਹਾਂ/ਨਹੀਂ)
2. ਸੰਗਠਨ ਵਿਚ 3 ਤਰ੍ਹਾਂ ਦਾ ਸੰਗਠਨ ਸ਼ਾਮਲ ਹੈ। (ਹਾਂ/ਨਹੀਂ)
3. ਸਕੂਲ ਪ੍ਰਸ਼ਾਸਨ ਦਾ ਸਿੱਖਿਆ ਪ੍ਰਸ਼ਾਸਨ ਨਾਲ ਕੋਈ ਸੰਬਧ ਨਹੀ. ਹੈ। (ਹਾਂ/ਨਹੀਂ)
4. ਸਕੂਲ ਪ੍ਰਬੰਧ ਦਾ ਭਾਵ ਸਕੂਲ ਨੂੰ ਚਲਾਉਣ ਲਈ ਜ਼ਿੰਮੇਵਾਰ ਪ੍ਰਬੰਧਕ ਕਮੇਟੀ ਤੋ ਹੈ। (ਹਾਂ/ਨਹੀਂ)
5. ਚੰਗੇ ਸਕੂਲ ਪ੍ਰਬੰਧ ਰਾਹੀਂ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। (ਹਾਂ/ਨਹੀਂ)
6. ਸਕੂਲ ਪ੍ਰਸ਼ਾਸਨ ਯੋਜਨਾਬੰਦੀ ਕਰਦਾ ਹੈ। (ਹਾਂ/ਨਹੀਂ)
7. ਚੰਗਾ ਸਕੂਲ ਪ੍ਰਸ਼ਾਸਨ ਉਚਿਤ ਵਾਤਾਵਰਣ ਪੈਦਾ ਕਰਦਾ ਹੈ। (ਹਾਂ/ਨਹੀਂ)
8. ਲੋਕਤੰਤਰਿਕ ਸਕੂਲ ਪ੍ਰਬੰਧ ਵਿਚ ਕੇਵਲ ਸਕੂਲ ਦਾ ਮੁੱਖੀ ਹੀ ਜ਼ਿੰਮੇਵਾਰ ਹੁੰਦਾ ਹੈ। (ਹਾਂ/ਨਹੀਂ)
9. ਸਕੂਲ ਸੰਗਠਨ ਸਕੂਲ ਦੀਆਂ ਵੱਖ-ਵੱਖ ਕਿਰਿਆਵਾਂ ਵਿਚ ਤਾਲਮੇਲ ਪੈਦਾ ਕਰਦਾ ਹੈ। (ਹਾਂ/ਨਹੀਂ)
10. ਲੋਕਤੰਤਰਿਕ ਸਕੂਲ ਪ੍ਰਬੰਧ ਲਚਕੀਲਾ ਹੁੰਦਾ ਹੈ। (ਹਾਂ/ਨਹੀਂ)

**ਉਤਰ ਮਾਲਾ** : (1) ਹਾਂ (2) ਹਾਂ (3) ਨਹੀਂ (4) ਹਾਂ (5) ਹਾਂ
(6) ਹਾਂ (7) ਹਾਂ (8) ਨਹੀਂ (9) ਹਾਂ (10) ਹਾਂ

1.12 **ਸੁਝਾਏ ਪ੍ਰਸ਼ਨ** :

1. ਸਕੂਲ ਸੰਗਠਨ, ਪ੍ਰਬੰਧ ਤੇ ਪ੍ਰਸ਼ਾਸਨ ਦੇ ਕਾਰਜਾਂ ਦੀ ਚਰਚਾ ਕਰੋ।
2. ਸਕੂਲ ਪ੍ਰਬੰਧ ਦੇ ਅਰਥ ਤੇ ਲੋੜ ਦੀ ਵਿਸਥਾਰਪੂਰਵਕ ਵਿਆਖਿਆ ਕਰੋ।
3. ''ਪ੍ਰਬੰਧ ਅੱਗ ਵਾਂਗ ਇਕ ਚੰਗਾ ਨੌਕਰ ਪਰ ਬੁਰਾ ਮਾਲਕ ਹੈ'' ਵਿਆਖਿਆ ਕਰੋ।
4. ਸਕੂਲ ਪ੍ਰਬੰਧ ਦੇ ਲੋਕਤੰਤਰੀ ਸਿਧਾਂਤਾਂ ਦੀ ਵਿਆਖਿਆ ਕਰੋ।
5. ਸਕੂਲ ਨੂੰ ਕੁਸ਼ਲਤਾਪੂਰਨ ਤੇ ਸਹਿਜਤਾ ਨਾਲ ਚਲਾਉਣ ਲਈ ਸਕੂਲ ਸੰਗਠਨ ਕਿਉਂ ਜ਼ਰੂਰੀ ਹੈ?

1.13 **ਸੁਝਾਈਆਂ ਪੁਸਤਕਾਂ** :

ਜੇ.ਐਸ. ਵਾਲੀਆ — ਸਕੂਲ ਪ੍ਰਸ਼ਾਸਨ ਅਤੇ ਪ੍ਰਬੰਧ ਦੀਆਂ ਬੁਨਿਆਦਾਂ
ਡਾ.ਐਮ.ਐਸ. ਸਚਦੇਵਾ — ਸਿੱਖਿਅਕ ਤਕਨਾਲੋਜੀ ਤੇ ਪ੍ਰਬੰਧ ਦੇ ਮੂਲ ਤੱਤ

ਪਾਠ ਨੰ: 1.2 ਲੇਖਕ : ਡਾ. ਮਨਜੀਤ ਕੌਰ

# ਸਮਾਂ ਸਾਰਣੀ : ਮਹੱਤਤਾ, ਕਿਸਮਾਂ ਅਤੇ ਸਿਧਾਂਤ

ਪਾਠ ਦੀ ਬਣਤਰ

2.0 ਉਦੇਸ਼
2.1 ਜਾਣਕਾਰੀ
2.2 ਟਾਈਮ-ਟੇਬਲ ਕੀ ਹੁੰਦਾ ਹੈ?
2.3 ਟਾਈਮ-ਟੇਬਲ ਦੀ ਮਹੱਤਤਾ
2.4 ਟਾਈਮ-ਟੇਬਲ ਦੀਆਂ ਕਿਸਮਾਂ
2.5 ਟਾਈਮ-ਟੇਬਲ ਦੇ ਸਿਧਾਂਤ
2.6 ਸਾਰ
2.7 ਮੁੱਖ ਬਿੰਦੂ
2.8 ਸੁਝਾਏ ਪ੍ਰਸ਼ਨ
2.9 ਸਵੈ-ਮੁਲਾਂਕਣ ਅਭਿਆਸ
2.10 ਸੁਝਾਈਆਂ ਪੁਸਤਕਾਂ

2.0 **ਓਦੇਸ਼** : ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਨੂੰ ਸਮਝਣ ਯੋਗ ਹੋ ਜਾਵੋਗੇ:

(ੳ) ਟਾਈਮ-ਟੇਬਲ ਬਾਰੇ ਜਾਣਕਾਰੀ।

(ਅ) ਟਾਈਮ-ਟੇਬਲ ਦੀ ਕੀ ਮਹੱਤਤਾ ਹੈ।

(ੲ) ਟਾਈਮ ਟੇਬਲ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ।

(ਸ) ਟਾਈਮ-ਟੇਬਲ ਦੇ ਸਿਧਾਂਤਾਂ ਬਾਰੇ ਜਾਣਕਾਰੀ।

2.1 **ਜਾਣਕਾਰੀ** : ਸਕੂਲ ਸਮਾਂ ਸਾਰਣੀ ਇੱਕ ਸ਼ੀਸ਼ਾ ਹੈ ਜੋ ਸਕੂਲ ਦੀ ਸੰਪੂਰਨ ਸਿੱਖਿਆ ਯੋਜਨਾ ਨੂੰ ਦਰਸਾਉਂਦਾ ਹੈ। ਟਾਈਮ-ਟੇਬਲ ਯੋਜਨਾਬੰਦੀ ਦਾ ਇਕ ਰੂਪ ਹੈ। ਸਫਲ ਹੋਣ ਲਈ ਸਕੂਲ ਦੇ ਹਰੇਕ ਕੰਮ ਦੀ ਯੋਜਨਾਬੰਦੀ ਜ਼ਰੂਰੀ ਹੈ। ਟਾਈਮ-ਟੇਬਲ ਸਕੂਲ ਦੀਆਂ ਕ੍ਰਿਆਵਾਂ ਦਾ ਕਾਰਜ ਢਾਂਚਾ ਹੈ। ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਅਗਾਊਂ ਤਿਆਰ ਕੀਤੇ ਗਏ ਕੰਮ ਦੀ ਯੋਜਨਾ ਹੈ। ਡਾਕਟਰ ਜਸਵੰਤ ਸਿੰਘ ਦੇ ਅਨੁਸਾਰ, ''ਟਾਈਮ-ਟੇਬਲ ਬਿਜਲੀ ਦਾ ਇਕ ਬਟਨ ਹੈ ਜਿਹੜਾ ਬਿਜਲੀ ਸ਼ਕਤੀ ਨੂੰ ਵਰਤੋਂ ਵਿੱਚ ਲਿਆਉਂਦਾ ਹੈ।'' "It is the time-table that supplies the frame-work within which the work of the school proceeds. It is the instrument through which the purpose of the school is to function." ਅਸਲ ਵਿੱਚ ਇਸਨੂੰ ਸਕੂਲ ਪ੍ਰਬੰਧ ਦਾ 'ਦਿਲ' ਕਿਹਾ ਜਾਂਦਾ ਹੈ।

ਟਾਈਮ-ਟੇਬਲ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਕਿਹੜਾ ਕੰਮ ਕਿਸ ਤੋਂ ਬਾਅਦ ਕਰਨਾ ਹੈ, ਉਦੇਸ਼ ਨਿਰਧਾਰਿਤ ਕਰਨ ਤੋਂ ਬਾਅਦ ਟਾਈਮ-ਟੇਬਲ ਬਣਾ ਲਿਆ ਜਾਂਦਾ ਹੈ ਤਾਂ ਕੰਮ ਦੀ ਯੋਜਨਾ ਤਿਆਰ ਹੋ ਜਾਂਦੀ ਹੈ। ਜੇਕਰ ਅਸੀਂ ਆਪਣੇ ਕੰਮ ਯੋਜਨਾਬੰਦੀ ਦੇ ਅਨੁਸਾਰ ਨਾ ਕਰੀਏ ਤਾਂ ਜੀਵਨ ਵਿੱਚ ਉਦੇਸ਼ਾਂ ਦੀ

ਪੂਰਤੀ ਅਸੰਭਵ ਹੋ ਜਾਂਦੀ ਹੈ। ਟਾਈਮ-ਟੇਬਲ ਹੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਮਨੁੱਖਾਂ ਨੂੰ ਇਕ ਯੋਜਨਾਬੰਦੀ ਅਨੁਸਾਰ ਕੰਮ ਕਰਨ ਲਈ ਮਜ਼ਬੂਰ ਕਰਦੀ ਹੈ ਅਤੇ ਮਨੁੱਖਤਾ ਦੇ ਕੰਮ ਠੀਕ ਤਰ੍ਹਾਂ ਚਲਦੇ ਰਹਿੰਦੇ ਹਨ। ਟਾਈਮ-ਟੇਬਲ ਅਸਲ ਵਿਚ ਸਕੂਲ ਦੀ ਦੂਜੀ ਘੜੀ ਹੈ, ਇਹ ਦਿਨ ਦੇ ਕੰਮ ਦਾ ਨਕਸ਼ਾ ਹੈ। ਇਹ ਟਾਈਮ-ਟੇਬਲ ਹੀ ਹੈ ਜਿਹੜਾ ਸਕੂਲ ਵਿੱਚ ਹੋਣ ਵਾਲੇ ਕੰਮਾਂ ਨੂੰ ਸੇਧ ਦਿੰਦਾ ਹੈ।

### 2.2 ਟਾਈਮ-ਟੇਬਲ ਕੀ ਹੁੰਦਾ ਹੈ?

ਐਚ.ਜੀ.ਸਟੈਡ (H.G. Stead) ਦੇ ਵਿਚਾਰ ਅਨੁਸਾਰ, ''ਇਹ ਟਾਈਮ-ਟੇਬਲ ਹੀ ਹੈ ਜੋ ਕੰਮ ਦਾ ਢਾਂਚਾ ਪ੍ਰਦਾਨ ਕਰਦਾ ਹੈ ਜਿਸ ਵਿਚ ਸਕੂਲ ਦਾ ਸਾਰਾ ਕੰਮ ਅੱਗੇ ਚਲਦਾ ਹੈ। ਇਹ ਇਕ ਅਜਿਹਾ ਸਾਧਨ ਹੈ ਜਿਸ ਵਿਚ ਸਕੂਲ ਦਾ ਉਦੇਸ਼ ਕੰਮ ਕਰਨਾ ਹੁੰਦਾ ਹੈ।''

ਮੁਹਾਈਉਦੀਨ (Mohiyuddin) ਦੇ ਸ਼ਬਦਾਂ ਵਿੱਚ, ''ਟਾਈਮ-ਟੇਬਲ ਨੂੰ ਸਕੂਲ ਦੀ ਦੂਜੀ ਘੜੀ ਕਿਹਾ ਜਾਂਦਾ ਹੈ। ਇਹ ਉਹਨਾਂ ਘੰਟਿਆਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਵਿਚ ਸਕੂਲ ਦਾ ਕੰਮ ਹੁੰਦਾ ਹੈ। ਹਰ ਰੋਜ਼ ਸਕੂਲ ਦੇ ਹਰੇਕ ਪੀਰੀਅਡ ਵਿਚ, ਹਰੇਕ ਜਮਾਤ ਵਿਚ, ਕਿਸ ਕਮਰੇ ਵਿਚ ਕੀ ਹੋਣਾ ਹੈ ਤੇ ਉਸ ਕੰਮ ਦਾ ਇੰਚਾਰਜ ਕਿਹੜਾ ਅਧਿਆਪਕ ਹੋਵੇਗਾ – ਇਹ ਸਭ ਕੁਝ ਟਾਈਮ-ਟੇਬਲ ਦਰਸਾਉਂਦਾ ਹੈ।''

ਡਾ. ਜਸਵੰਤ ਸਿੰਘ (Dr. Jaswant Singh) ਦੇ ਕਥਨ ਅਨੁਸਾਰ, ''ਸਮਾਂ ਸੂਚੀ ਸਕੂਲ ਦਾ ਸਪਾਰਕ ਪਲੱਗ ਹੈ ਜੋ ਸਕੂਲ ਦੇ ਵੱਖ-ਵੱਖ ਕੰਮਾਂ ਤੇ ਪ੍ਰੋਗਰਾਮਾਂ ਨੂੰ ਸੰਚਾਲਿਤ ਕਰਦਾ ਹੈ।''

2.3 **ਟਾਈਮ-ਟੇਬਲ ਦੀ ਮਹੱਤਤਾ** : ਟਾਈਮ-ਟੇਬਲ ਸਕੂਲ ਦੇ ਪ੍ਰਸ਼ਾਸਨ ਦੇ ਦਿਲ ਦੀ ਪ੍ਰਕਿਰਿਆ ਹੈ। ਇਹ ਸਕੂਲ ਦੇ ਨਿਯਮਿਤ ਅਤੇ ਸਫ਼ਲ ਸੰਚਾਲਨ ਦੀ ਪਹਿਲੀ ਲੋੜ ਹੈ। ਸਕੂਲ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਅਤੇ ਉਪਯੋਗੀ ਬਣਾਉਣ ਲਈ ਸਕੂਲ ਵਿਚ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਉਚਿਤ ਟਾਈਮ-ਟੇਬਲ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਨੂੰ ਸਕੂਲ ਦਾ ਦਰਪਣ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਦਰਪਣ ਚਿਹਰੇ ਦੀ ਸੁੰਦਰਤਾ ਜਾਂ ਬਦਸੂਰਤੀ ਨੂੰ ਦਿਖਾ ਦਿੰਦਾ ਹੈ, ਉਸੇ ਤਰ੍ਹਾਂ ਟਾਈਮ-ਟੇਬਲ ਦੇ ਮਾਧਿਅਮ ਨਾਲ ਸਕੂਲ ਦੀਆਂ ਵਿਸ਼ੇਸ਼ਤਾਵਾਂ ਅਤੇ ਕਮਜ਼ੋਰੀਆਂ ਨੂੰ ਦੇਖਿਆ ਜਾ ਸਕਦਾ ਹੈ।

ਸਕੂਲ ਦੇ ਕੰਮ-ਕਾਰ ਦਾ ਪਹਿਲਾ ਉਦੇਸ਼ ਹੈ ਵਿਦਿਆਰਥੀਆਂ ਦੇ ਵਿਅਕਤੀਤਵ ਦਾ ਵਿਕਾਸ ਕਰਨਾ। ਇਸ ਉਦੇਸ਼ ਦੀ ਪ੍ਰਾਪਤੀ ਲਈ ਪਾਠ-ਪ੍ਰਕਿਰਿਆ ਦੇ ਰੂਪ ਵਿਚ ਬਹੁਤ ਸਾਰੀਆਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਪਾਠ-ਪ੍ਰਕਿਰਿਆ ਵਿਚ ਹਰ ਤਰ੍ਹਾਂ ਦੀ ਗਤੀਵਿਧੀ ਵੱਲ ਧਿਆਨ ਦਿੱਤਾ ਜਾਂਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜਦ ਇਸ ਪ੍ਰੋਗਰਾਮ ਦੀ ਨਿਸ਼ਚਿਤ ਯੋਜਨਾ ਹੋਵੇ ਅਤੇ ਟਾਈਮ-ਟੇਬਲ ਇਸ ਜ਼ਰੂਰਤ ਦੀ ਪੂਰਤੀ ਕਰਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਟਾਈਮ-ਟੇਬਲ ਤੋਂ ਬਿਨਾਂ ਇਹ ਕੰਮ ਕ੍ਰਮਵਾਰ ਅਤੇ ਠੀਕ ਰੂਪ ਨਾਲ ਨਹੀਂ ਕੀਤਾ ਜਾ ਸਕਦਾ।

ਟਾਈਮ-ਟੇਬਲ ਦਾ ਮਹੱਤਵ ਅਤੇ ਇਸ ਦੀ ਉਪਯੋਗਤਾ ਹੇਠ ਲਿਖੇ ਅਨੁਸਾਰ ਹੈ:

2.3.1 **ਵਿਵਸਥਿਤ ਕੰਮ ਨੂੰ ਨਿਸ਼ਚਿਤ ਬਣਾਉਣਾ : (Ensures orderly Work)** :– ਸਕੂਲ ਟਾਈਮ-ਟੇਬਲ ਸਕੂਲ ਦੇ ਵਿਵਸਥਿਤ ਅਤੇ ਕੁਸ਼ਲ ਕੰਮ ਨੂੰ ਸੁਨਿਸ਼ਚਿਤ ਬਦਾਉਂਦਾ ਹੈ। ਇਸ ਨਾਲ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਆਪਣੇ ਕੰਮ ਦਾ ਪਹਿਲਾਂ ਤੋਂ ਹੀ ਪਤਾ ਰਹਿੰਦਾ ਹੈ। ਇਸ ਨਾਲ ਅਧਿਆਪਕਾਂ ਨੂੰ ਆਪਣਾ ਕੰਮ ਪਹਿਲਾਂ ਤੋਂ ਹੀ ਆਯੋਜਨ ਕਰਨ ਵਿਚ ਸਹਾਇਤਾ ਮਿਲਦੀ ਹੈ। ਉਹ ਆਪਣੀ ਜਮਾਤ ਵਿਚ ਤਿਆਰੀ ਕਰਕੇ ਆਉਂਦੇ ਹਨ। ਵਿਦਿਆਰਥੀਆਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕਿਸ ਪੀਰੀਅਡ ਵਿਚ ਕਿਹੜਾ ਵਿਸ਼ਾ ਕਿਸ ਅਧਿਆਪਕ ਤੋਂ ਪੜ੍ਹਨਾ ਹੈ। ਇਸ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਵਿਚ ਵਿਧੀ-ਪੂਰਨ ਕੰਮ ਕਰਨ ਦੀ ਆਦਤ ਦਾ ਵਿਕਾਸ ਹੁੰਦਾ ਹੈ। ਇਸ ਨਾਲ ਠੀਕ ਸਮੇਂ 'ਤੇ ਠੀਕ ਕੰਮ ਲਈ ਠੀਕ ਵਿਅਕਤੀ ਲਾਉਣ ਵਿਚ ਸਹਾਇਤਾ ਮਿਲਦੀ ਹੈ। ਇਹ ਵੱਖ-ਵੱਖ ਅਧਿਆਪਕਾਂ ਦੇ ਕੰਮਾਂ ਵਿੱਚ ਤਾਲਮੇਲ ਕਾਇਮ ਕਰਦਾ ਹੈ ਅਤੇ ਰੋਜ਼ਾਨਾ ਕੰਮਾਂ ਵਿਚ ਸਮੇਂ ਦੀ ਪਾਲਣਾ ਕਰਨ ਨੂੰ ਨਿਸ਼ਚਿਤ ਬਣਾਉਂਦਾ ਹੈ। ਇਹ ਮੁੱਖ-ਅਧਿਆਪਕ ਨੂੰ ਗ਼ੈਰ-ਜ਼ਰੂਰੀ ਚਿੰਤਾਵਾਂ ਅਤੇ ਤਣਾਵਾਂ ਤੋਂ ਬਚਾਉਂਦਾ ਹੈ।

2.3.2 **ਸ਼ਕਤੀ ਅਤੇ ਸਮਾਂ ਨਸ਼ਟ ਹੋਣ ਤੋਂ ਬਚਾਉ (Eliminates wastage of Time and Energy)**:- ਨਿਯੋਜਿਤ ਪ੍ਰੋਗਰਾਮ, ਸਮਾਂ ਅਤੇ ਸ਼ਕਤੀ ਨੂੰ ਵਿਅਰਥ ਵਿਚ ਨਸ਼ਟ ਹੋਣ ਤੋਂ ਬਚਾਉਣ ਵਿਚ ਸਹਾਇਤਾ ਦਿੰਦਾ ਹੈ। ਇਹੋ ਗੱਲ ਸਕੂਲ ਟਾਈਮ-ਟੇਬਲ ਉਤੇ ਲਾਗੂ ਹੁੰਦੀ ਹੈ। ਟਾਈਮ-ਟੇਬਲ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸ਼ਕਤੀ ਵਿਚ ਸੁਨਿਸ਼ਚਿਤ ਸਮੇਂ ਤੇ, ਸੁਨਿਸ਼ਚਿਤ ਕੰਮ ਵਿਚ, ਸੁਨਿਸ਼ਚਿਤ ਢੰਗ ਵਿਚ ਕੇਂਦਰਿਤ ਕਰ ਦਿੰਦਾ ਹੈ।

2.3.3 **ਅਨੁਸ਼ਾਸਨ ਵਿਚ ਸਹਾਇਕ (Helps in maintaining Discipline)** : ਸਕੂਲ ਦਾ ਟਾਈਮ-ਟੇਬਲ ਇਸ ਤਰ੍ਹਾਂ ਬਣਾਇਆ ਜਾਂਦਾ ਹੈ ਤਾਂ ਕਿ ਵਿਦਿਆਰਥੀਆਂ ਦਾ ਲਗਭਗ ਸਾਰਾ ਸਮਾਂ ਕੰਮ ਕਰਨ ਵਿਚ ਬਤੀਤ ਹੋਵੇ ਅਤੇ ਉਨ੍ਹਾਂ ਨੂੰ ਅਨੁਸ਼ਾਸਨਹੀਣਤਾ ਦਾ ਮੌਕਾ ਹੀ ਨਾ ਦਿੱਤਾ ਜਾਵੇ। ਇਸ ਤਰ੍ਹਾਂ ਇਨ੍ਹਾਂ ਵਿਦਿਆਰਥੀਆਂ ਦੀ ਸ਼ਕਤੀ ਦਾ ਠੀਕ ਉਪਯੋਗ ਹੋਵੇਗਾ, ਅਤੇ ਟਾਈਮ-ਟੇਬਲ ਅਨੁਸ਼ਾਸਨ ਬਣਾਈ ਰੱਖਣ ਵਿਚ ਮਦਦ ਕਰਦਾ ਹੈ।

2.3.4 **ਸਕੂਲ ਦਾ ਕੰਮ ਸੁਨਿਸ਼ਚਿਤਤਾ ਨਾਲ ਅਤੇ ਕ੍ਰਮ ਅਨੁਸਾਰ ਹੁੰਦਾ ਹੈ (School work is carried on smoothly and Systematically) :** ਸਕੂਲ ਵਿਚ ਹੋਣ ਵਾਲੇ ਕੰਮ ਦੀ ਯੋਜਨਾ ਤਾਂ ਪਹਿਲਾਂ ਤੋਂ ਹੀ ਬਣੀ ਹੋਈ ਹੁੰਦੀ ਹੈ। ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਇਸ ਪੀਰੀਅਡ ਵਿਚ ਕਿਹੜਾ ਕੰਮ ਕਰਨਾ ਹੈ। ਇਸ ਨਾਲ ਕੰਮ ਵਿਚ ਸੁਨਿਸ਼ਚਿਤਤਾ ਆਉਂਦੀ ਹੈ।

2.3.5 **ਸਕੂਲ ਦੀ ਦੂਸਰੀ ਘੜੀ (Second School Clock)** : ਟਾਈਮ-ਟੇਬਲ ਨੂੰ ਸਕੂਲ ਦੀ ਦੂਸਰੀ ਘੜੀ ਕਿਹਾ ਜਾਂਦਾ ਹੈ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਕਿਹੜੀ ਜਮਾਤ, ਕਿਸ ਕਮਰੇ ਵਿੱਚ, ਕਿਸ ਅਧਿਆਪਕ ਤੋਂ ਕਿਹੜਾ ਵਿਸ਼ਾ ਪੜ੍ਹ ਰਹੀ ਹੈ।

2.3.6 **ਨਿਯਮਿਤ ਅਤੇ ਇਕਾਤਮਕ ਪ੍ਰਗਤੀ (Regular and Uniform Progress)** : ਚੰਗੇ ਟਾਈਮ-ਟੇਬਲ ਵਿਚ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਵੱਖ-ਵੱਖ ਵਿਸ਼ਿਆਂ ਦੀ ਸਿਖਲਾਈ ਅਤੇ ਵੱਖ-ਵੱਖ ਪਾਠ ਕਿਰਿਆਵਾਂ ਦੇ ਸੰਗਠਨ ਦੀ ਨਿਯਮਿਤ ਅਤੇ ਇਕਾਤਮਕ ਪ੍ਰਗਤੀ ਨੂੰ ਯਕੀਨੀ ਬਣਾਇਆ ਜਾਵੇ। ਇਸ ਨਾਲ ਕਿਸੇ ਵਿਸ਼ੇ ਜਾਂ ਕਿਰਿਆ ਨੂੰ ਨਾ ਹੀ ਬਹੁਤ ਜ਼ਿਆਦਾ ਸਮਾਂ ਮਿਲਦਾ ਹੈ ਅਤੇ ਨਾ ਹੀ ਕੋਈ ਵਿਸ਼ਾ ਜਾਂ ਕਿਰਿਆ ਅਣਗਹਿਲੀ ਦਾ ਸ਼ਿਕਾਰ ਹੁੰਦਾ ਹੈ। ਜੇਕਰ ਟਾਈਮ-ਟੇਬਲ ਵਿਚ ਕੋਈ ਤਰੁੱਟੀ ਹੋਵੇ ਤਾਂ ਵੱਖ-ਵੱਖ ਵਿਸ਼ਿਆਂ ਤੇ ਕਿਰਿਆਵਾਂ ਦੀ ਪ੍ਰਗਤੀ ਇਕਸਾਰ ਨਹੀਂ ਹੋਵੇਗੀ।

2.3.7 **ਸਕੂਲ ਦੇ ਉਦੇਸ਼ਾਂ ਦੀ ਪੂਰਤੀ (Realisation of school Objectives)** : ਹਰੇਕ ਸਕੂਲ ਦੇ ਕੁਝ ਮੁੱਖ ਉਦੇਸ਼ ਹੁੰਦੇ ਹਨ ਤੇ ਉਨ੍ਹਾਂ ਉਦੇਸ਼ਾਂ ਦੀ ਪੂਰਤੀ ਸਿਰਫ ਠੀਕ ਟਾਈਮ-ਟੇਬਲ ਰਾਹੀਂ ਹੋ ਸਕਦੀ ਹੈ। ਉਦਾਹਰਣ ਵਜੋਂ ਜੇਕਰ ਸਕੂਲ ਕਿਸੇ ਵਿਸ਼ੇਸ਼ ਧਰਮ ਦੇ ਅਨੁਯਾਈਆਂ ਦੇ ਉਦੇਸ਼ਾਂ ਦੀ ਪੂਰਤੀ ਲਈ ਅਤੇ ਵਿਸ਼ੇਸ਼ ਤਰ੍ਹਾਂ ਦੀ ਧਾਰਮਿਕ ਸਿੱਖਿਆ ਦੇਣ ਲਈ ਖੋਲ੍ਹਿਆ ਗਿਆ ਹੈ ਤਾਂ ਸਿਰਫ ਟਾਈਮ-ਟੇਬਲ ਰਾਹੀਂ ਹੀ ਉਨ੍ਹਾਂ ਉਦੇਸ਼ਾਂ ਦੀ ਪੂਰਤੀ ਹੋ ਸਕੇਗੀ।

2.3.8 **ਸਕੂਲ ਦੇ ਫਲਸਫ਼ੇ ਨੂੰ ਦਰਸਾਉਂਦਾ ਹੈ (Reflects the Philosophy of the School)** : ਸਕੂਲ ਟਾਈਮ-ਟੇਬਲ ਸਕੂਲ ਦੇ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਹੁੰਦਾ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਉਹ ਸਕੂਲ ਦੇ ਉਦੇਸ਼ਾਂ ਦਾ ਪ੍ਰਗਟਾਅ ਕਰੇ ਤੇ ਉਨ੍ਹਾਂ ਨੂੰ ਪੂਰਾ ਕਰੇ। ਇਸ ਤੋਂ ਪਤਾ ਚਲਦਾ ਹੈ ਕਿ ਕਿਸੇ ਸਕੂਲ ਵਿਚ ਪਾਠ-ਕਿਰਿਆਵਾਂ ਨੂੰ ਕਿੰਨਾ ਮਹੱਤਵ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਟਾਈਮ-ਟੇਬਲ ਅਨੁਸਾਰ ਕਿੰਨਾ ਸਮਾਂ ਦਿੱਤਾ ਜਾਂਦਾ ਹੈ। ਉਸ ਸਕੂਲ ਵਿਚ ਨੈਤਿਕ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਜਾਂ ਨਹੀਂ। ਸੰਖੇਪ ਵਿੱਚ ਟਾਈਮ-ਟੇਬਲ ਨੂੰ ਸਕੂਲ ਦਾ ਦਰਪਣ ਕਿਹਾ ਜਾ ਸਕਦਾ ਹੈ। ਇਹ ਸਕੂਲ ਦੇ ਜੀਵਨ ਅਤੇ ਫਲਸਫ਼ੇ ਨੂੰ ਦਰਸਾਉਂਦਾ ਹੈ।

2.3.9 **ਅੰਦਰੂਨੀ ਅਰਥ-ਵਿਵਸਥਾ ਅਤੇ ਨਿਯਮਿਤਤਾ ਨੂੰ ਨਿਸ਼ਚਿਤ ਬਣਾਉਂਦਾ ਹੈ (Ensure internal Economy and Regularity)** : ਸਕੂਲ ਦਾ ਟਾਈਮ-ਟੇਬਲ ਸਕੂਲ ਦੀ ਅੰਦਰੂਨੀ

ਅਰਥ-ਵਿਵਸਥਾ ਨੂੰ ਨਿਯਮਿਤ ਬਣਾਉਂਦਾ ਹੈ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਬਿਆਨ ਨੂੰ ਇਕ ਸਮੇਂ ਵਿੱਚ ਇਕ ਪਾਸੇ ਕੇਂਦਰਿਤ ਕਰਕੇ ਸਮੇਂ ਦੀ ਫਜ਼ੂਲ ਖਰਚੀ ਨੂੰ ਬਚਾਉਂਦਾ ਹੈ। ਇਹ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਨਿਸ਼ਚਿਤ ਪ੍ਰਗਤੀ ਦੇ ਵੱਲ ਪ੍ਰੇਰਿਤ ਕਰਦਾ ਹੈ। ਸਾਲ ਦਾ ਅੰਤ ਹੋਣ ਤੱਕ ਅਧਿਆਪਕ ਅਤੇ ਵਿਦਿਆਰਥੀ ਆਪਣਾ ਸਮੁੱਚਾ ਕੰਮ ਸਮੇਂ ਤੇ ਖ਼ਤਮ ਕਰ ਲੈਂਦੇ ਹਨ ਅਤੇ ਉਹ ਸਵੈ-ਅਧਿਐਨ ਅਤੇ ਦੁਹਰਾਈ ਲਈ ਕਾਫ਼ੀ ਸਮਾਂ ਲਾ ਸਕਦਾ ਹੈ।

2.3.10 **ਕਾਰਜ ਭਾਰ ਦੀ ਉਚਿਤ ਵੰਡ ਨੂੰ ਨਿਸ਼ਚਿਤ ਬਣਾਉਂਦਾ ਹੈ (Ensures proper distribution of Work-Load)** : ਚੰਗਾ ਟਾਈਮ-ਟੇਬਲ ਅਧਿਆਪਕਾਂ ਵਿਚ ਕਾਰਜ ਭਾਰ ਦੀ ਉਚਿਤ ਵੰਡ ਨੂੰ ਨਿਸ਼ਚਿਤ ਬਣਾਉਂਦਾ ਹੈ। ਟਾਈਮ-ਟੇਬਲ ਵਲ ਵੇਖ ਕੇ ਹੀ ਮੁੱਖ ਅਧਿਆਪਕ ਜਾਣ ਜਾਂਦਾ ਹੈ ਕਿ ਕਿਹੜਾ ਅਧਿਆਪਕ ਕਿਹੜਾ ਵਿਸ਼ਾ ਪੜ੍ਹਾਉਂਦਾ ਹੈ ਅਤੇ ਉਸ ਨੇ ਹਫਤੇ ਵਿਚ ਕਿੰਨੇ ਪੀਰੀਅਡ ਪੜ੍ਹਾਉਣੇ ਹਨ। ਇਸ ਨਾਲ ਉਸ ਨੂੰ ਅਧਿਆਪਕਾਂ ਦੇ ਕਾਰਜ-ਭਾਰ ਨੂੰ ਸੰਤੁਲਿਤ ਕਰਨ ਵਿਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਪੜਾਉਣ ਦੇ ਲਈ ਉਹ ਵਿਸ਼ੇ ਦਿੱਤੇ ਜਾਂਦੇ ਹਨ ਜਿਸ ਦੇ ਉਹ ਯੋਗ ਹੁੰਦੇ ਹਨ। ਇਸ ਤਰਾਂ ਅਧਿਆਪਕਾਂ ਵਿਚ ਕਿਸੇ ਕਿਸਮ ਦੀ ਈਰਖਾ ਜਾਂ ਸ਼ਿਕਾਇਤ ਨਹੀਂ ਰਹਿੰਦੀ। ਇਸ ਨਾਲ ਕਾਰਜ-ਕੁਸ਼ਲਤਾ ਯਕੀਨੀ ਹੋ ਜਾਂਦੀ ਹੈ ਅਤੇ ਅਧਿਆਪਕ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨ ਲੱਗਦੇ ਹਨ।

2.3.11 **ਮਨੋਵਿਗਿਆਨਿਕ ਲੋੜਾਂ ਦੀ ਸੰਤੁਸ਼ਟੀ (Satisfaction of Psychological Needs)** : ਵਿਦਿਆਰਥੀਆਂ ਦੀਆਂ ਮਨੋਵਿਗਿਆਨਿਕ ਲੋੜਾਂ ਦੀ ਪੂਰਤੀ ਟਾਈਮ-ਟੇਬਲ ਦਾ ਉਦੇਸ਼ ਹੁੰਦਾ ਹੈ। ਟਾਈਮ ਟੇਬਲ ਸਾਰੇ ਸਕੂਲ ਪ੍ਰੋਗਰਾਮਾਂ ਨੂੰ ਸੇਧ ਪ੍ਰਦਾਨ ਕਰਦਾ ਹੈ। ਇਹ ਆਰੰਭ ਤੋਂ ਲੈ ਕੇ ਅੰਤ ਤੱਕ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਾ ਹੈ। ਇਹ ਉਨ੍ਹਾਂ ਨੂੰ ਸਿੱਖਿਆ ਦੇ ਮਨੋਰਥ ਅਤੇ ਪ੍ਰੋਗਰਾਮ ਬਾਰੇ ਤਸੱਲੀ ਦਿੰਦਾ ਹੈ। ਸਕੂਲ ਦੀਆਂ ਕਿਰਿਆਵਾਂ ਇਸ ਢੰਗ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ ਕਿ ਉਹਨਾਂ ਤੋਂ ਅੰਤਰ ਪ੍ਰੇਰਣਾ ਪ੍ਰਾਪਤ ਹੋਵੇ।

2.3.12 **ਚੰਗੀਆਂ ਆਦਤਾਂ ਦਾ ਵਿਕਾਸ ਕਰਦਾ ਹੈ (Develops Good Habits)** : ਚੰਗਾ ਟਾਈਮ-ਟੇਬਲ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਕਈ ਚੰਗੀਆਂ ਆਦਤਾਂ ਦੇ ਵਿਕਾਸ ਵਿਚ ਮਦਦ ਕਰਦਾ ਹੈ ਜਿਵੇਂ ਪ੍ਰਬੰਧ ਨਿਯਮਤਤਾ, ਸਮੇਂ ਦੀ ਪਾਲਣਾ, ਉਦੇਸ਼ ਪ੍ਰਤੀ ਸਥਿਰਤਾ ਆਦਿ। ਇਸ ਨਾਲ ਜ਼ਿੰਮੇਵਾਰੀ ਦੀ ਭਾਵਨਾ ਦਾ ਵੀ ਵਿਕਾਸ ਹੁੰਦਾ ਹੈ। ਕਰਤਵ ਪਾਲਣਾ ਅਤੇ ਕੰਮ ਕਰਨ ਦੀ ਆਦਤ ਦਾ ਵੀ ਵਿਕਾਸ ਹੁੰਦਾ ਹੈ।

2.3.13 **ਸਮਾਯੋਜਨ ਨੂੰ ਨਿਸ਼ਚਿਤ ਬਣਾਉਂਦਾ ਹੈ (Ensure Adjustment)** : ਚੰਗਾ ਟਾਈਮ-ਟੇਬਲ ਵਿਦਿਆਰਥੀਆਂ ਦੀ ਸ਼ਕਤੀ ਅਤੇ ਯੋਗਤਾਵਾਂ ਦੇ ਅਨੁਕੂਲ ਕੰਮ ਦਾ ਪ੍ਰਬੰਧ ਕਰਦਾ ਹੈ। ਇਸ ਨਾਲ ਸਕੂਲ ਦੇ ਕੰਮ ਦੇ ਨਾਲ ਵਿਦਿਆਰਥੀਆਂ ਦਾ ਉਚਿਤ ਤਾਲਮੇਲ ਜਾਂ ਸਮਾਯੋਜਨ ਸੰਭਵ ਹੋ ਸਕਦਾ ਹੈ।

ਇਸ ਲਈ ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਟਾਈਮ ਟੇਬਲ ਸਕੂਲ ਦੀਆਂ ਵਿਦਿਅਕ ਅਤੇ ਪਾਠ-ਸਹਾਇਕ ਕਿਰਿਆਵਾਂ ਦਾ ਕੇਂਦਰੀ ਧੁਰਾ ਹੈ, ਇਹ ਸਕੂਲ ਦੇ ਨਿਯਮਿਤ ਕਾਰਜ ਸੰਚਾਲਨ, ਸਮੇਂ ਅਤੇ ਸ਼ਕਤੀ ਦੀ ਫਜ਼ੂਲ ਖ਼ਰਚੀ ਨੂੰ ਰੋਕਣ, ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ, ਚੰਗੀਆਂ ਆਦਤਾਂ ਦਾ ਵਿਕਾਸ, ਵੱਖ-ਵੱਖ ਵਿਸ਼ਿਆਂ ਤੇ ਪਾਠ-ਸਹਾਇਕ ਕਿਰਿਆਵਾਂ ਦੀ ਇਕ ਸਾਰ ਪ੍ਰਗਤੀ ਆਦਿ ਵਿਚ ਮਹੱਤਵਪੂਰਣ ਰੋਲ ਨਿਭਾਉਂਦਾ ਹੈ। ਟਾਈਮ-ਟੇਬਲ ਦੀ ਮਹੱਤਤਾ ਨੂੰ ਸਵੀਕਾਰ ਕਰਨ ਨਾਲ ਜੀਵਨ ਵਿਚ ਸਫ਼ਲਤਾ ਦਾ ਰਾਹ ਸਾਫ ਹੋ ਸਕਦਾ ਹੈ।

2.4 **ਟਾਈਮ-ਟੇਬਲ ਦੀਆਂ ਕਿਸਮਾਂ** : ਸਕੂਲ ਟਾਈਮ-ਟੇਬਲ ਸਕੂਲ ਵਿਚ ਚਲਣ ਵਾਲੀਆਂ ਕ੍ਰਿਆਵਾਂ ਦੀ ਕਿਸਮ ਤੇ ਨਿਰਭਰ ਕਰਦਾ ਹੈ। ਇਕ ਯੋਜਨਾ ਵਿਚ ਸਕੂਲ ਦੀ ਹਰ ਇਕ ਕਿਰਿਆ ਨੂੰ ਚਲਾਉਣਾ ਸੰਭਵ ਨਹੀਂ ਹੈ। ਜਿੰਨੀਆਂ ਕਿਰਿਆਵਾਂ ਦੀਆਂ ਕਿਸਮਾਂ ਹੋਣਗੀਆਂ, ਉਨੇ ਹੀ ਟਾਈਮ-ਟੇਬਲ ਦੀਆਂ ਕਿਸਮਾਂ ਹੁੰਦੀਆਂ ਹਨ। ਇਸ ਲਈ ਟਾਈਮ-ਟੇਬਲ ਦੀਆਂ ਵੱਖਰੀਆਂ ਵੱਖਰੀਆਂ ਕਿਸਮਾਂ ਵੱਖੋ-ਵੱਖਰੇ ਕੋਣ ਤੋਂ ਜਾਣੀਆਂ ਜਾਂਦੀਆਂ ਹਨ। ਸੋ

ਸਕੂਲ ਦੇ ਕੰਮ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਵੱਖੋ-ਵੱਖਰੇ ਟਾਈਮ-ਟੇਬਲਾਂ ਦੀ ਲੋੜ ਹੈ। ਰਾਇਬਰਨ (Ryburn) ਲਿਖਦਾ ਹੈ, ''ਇਕ ਸਾਧਾਰਨ ਟਾਈਮ ਟੇਬਲ ਹੋਣਾ ਚਾਹੀਦਾ ਹੈ, ਜਿਹੜਾ ਦੋ ਤਰੀਕਿਆਂ ਨਾਲ ਬਣਾਇਆ ਜਾਏ, ਇਕ ਜਮਾਤ ਦੇ ਲਿਹਾਜ਼ ਨਾਲ, ਦੂਜਾ ਅਧਿਆਪਕ ਦੇ ਲਿਹਾਜ਼ ਨਾਲ। ਇਨ੍ਹਾਂ ਵਿਚੋਂ ਹਰੇਕ ਦੀਆਂ ਦੋ ਕਾਪੀਆਂ ਤਿਆਰ ਕੀਤੀਆਂ ਜਾਣ। ਅਧਿਆਪਕਾਂ ਸਬੰਧੀ ਟਾਈਮ ਟੇਬਲ ਦੀ ਕਾਪੀ ਸਟਾਫ਼ ਰੂਮ ਵਿਚ ਲਟਕਾਈ ਜਾਏ, ਦੂਜੀ ਮੁੱਖ ਅਧਿਆਪਕ ਦੇ ਦਫਤਰ ਵਿਚ। ਇਨ੍ਹਾਂ ਟਾਈਮ ਟੇਬਲਾਂ ਤੋਂ ਉਪਰੰਤ ਹਰੇਕ ਜਮਾਤ-ਕਮਰੇ ਵਿਚ ਉਸ ਜਮਾਤ ਦੇ ਕੰਮ ਸਬੰਧੀ ਆਪਣਾ ਟਾਈਮ ਟੇਬਲ ਵੀ ਟੰਗਿਆ ਹੋਵੇ। ਜੇ ਵਿਸ਼ੇ ਅਧਿਆਪਕ ਸ਼ਿਸ਼ਟਮ ਪ੍ਰਚਲਿਤ ਹੈ ਤਾਂ ਅਧਿਆਪਕ ਦੇ ਕਮਰੇ ਵਿਚ ਉਸ ਦੇ ਆਪਣੇ ਕੰਮ ਸਬੰਧੀ ਹਫ਼ਤੇ ਦਾ ਟਾਈਮ ਟੇਬਲ ਟੰਗਿਆ ਹੋਵੇ। ਵਿਸ਼ੇਸ਼ਗ-ਅਧਿਆਪਕ ਸਿਸਮਟ ਵਿਚ ਵੀ ਜਮਾਤ ਦਾ ਟਾਈਮ ਟੇਬਲ ਵੱਖਰਾ ਬਣ ਕੇ ਉਸ ਜਮਾਤ ਵਿਚ ਲਟਕਾਇਆ ਜਾਏ।''

ਸਕੂਲ ਵਿੱਚ ਕਈ ਕਿਸਮ ਦੀਆਂ ਕਾਰਜਸ਼ੀਲਤਾਵਾਂ ਹੁੰਦੀਆਂ ਹਨ। ਹਰੇਕ ਕਾਰਜਸ਼ੀਲਤਾ ਤਦ ਹੀ ਚੰਗੀ ਤਰ੍ਹਾਂ ਨਿਭ ਸਕਦੀ ਹੈ ਜਦੋਂ ਉਸ ਲਈ ਵੱਖਰਾ ਟਾਈਮ ਟੇਬਲ ਹੋਵੇ। ਇਸ ਲਈ ਸਕੂਲ ਟਾਈਮ ਟੇਬਲ ਦੀਆਂ ਅੱਗੇ ਲਿਖੀਆਂ ਕਿਸਮਾਂ ਹੋ ਸਕਦੀਆਂ ਹਨ:

2.4.1 **ਸਾਰੇ ਸਕੂਲ ਲਈ ਸੰਚਿਤ ਟਾਈਮ ਟੇਬਲ : (Consolidated Time-Table for all school)** ਇਸ ਨੂੰ ਸਕੂਲ ਦਾ ਸਾਧਾਰਨ ਟਾਈਮ ਟੇਬਲ ਵੀ ਕਿਹਾ ਜਾਂਦਾ ਹੈ। ਇਹ ਇਕ ਪ੍ਰਕਾਰ ਨਾਲ ਸਾਰੇ ਸਕੂਲ ਦੇ ਕੰਮ ਦਾ ਸੰਪੂਰਨ ਚਿੱਤਰ ਹੁੰਦਾ ਹੈ। ਵੱਖ-ਵੱਖ ਰੂਪਾਂ ਤੋਂ ਹਰੇਕ ਅਧਿਆਪਕ ਦੇ ਕੰਮ ਦਾ ਵੇਰਵਾ ਅਤੇ ਖਾਲੀ ਪੀਰੀਅਡਾਂ ਦਾ ਵਰਣਨ ਵੀ ਹੁੰਦਾ ਹੈ। ਅਸਲ ਵਿਚ ਅਜਿਹਾ ਟਾਈਮ ਟੇਬਲ ਮੁੱਖ-ਅਧਿਆਪਕ ਲਈ ਬਣਾਇਆ ਜਾਂਦਾ ਹੈ ਪਰ ਇਸ ਦੀ ਇਕ ਕਾਪੀ ਸਟਾਫ਼ ਰੂਮ ਵਿਚ ਵੀ ਹੁੰਦੀ ਹੈ।

2.4.2 **ਜਮਾਤ ਸਬੰਧੀ ਟਾਈਮ ਟੇਬਲ (Class Time-Table)**: ਇਹ ਸਮੁੱਚੇ ਤੌਰ ਉਤੇ ਹਰੇਕ ਜਮਾਤ ਸਬੰਧੀ ਟਾਈਮ ਟੇਬਲ ਹੁੰਦਾ ਹੈ। ਇਸ ਵਿੱਚ ਹਰੇਕ ਅਧਿਆਪਕ ਵਲੋਂ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਵੇਰਵਾ ਹੁੰਦਾ ਹੈ। ਇਸ ਵਿਚ ਕਿਤੇ ਕਿਤੇ ਹੋਣ ਵਾਲੀਆਂ ਛੁੱਟੀਆਂ ਨੂੰ ਵੀ ਦਰਸਾਇਆ ਜਾਂਦਾ ਹੈ। ਇਸ ਤੋਂ ਉਪਰੰਤ ਉਸ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦੇ ਹਰੇਕ ਸ਼ਰੇਣੀ ਵਿਭਾਗ ਆਪਣੇ-ਆਪਣੇ ਜਮਾਤ ਟਾਈਮ ਟੇਬਲ ਦੀ ਨਕਲ ਕਰਦਾ ਹੈ, ਜਿਸ ਦੀ ਇਕ-ਇਕ ਕਾਪੀ ਹਰੇਕ ਜਮਾਤ ਵਿਚ ਲਟਕਾਈ ਜਾਂਦੀ ਹੈ।

2.4.3 **ਅਧਿਆਪਕਾਂ ਦੀਆਂ ਖ਼ਾਲੀ ਘੰਟੀਆਂ ਦਾ ਟਾਈਮ ਟੇਬਲ (Vacant Period Time-Table)**: ਇਕ ਵਿਸ਼ੇਸ਼ ਵੰਨਗੀ ਦਾ ਟਾਈਮ ਟੇਬਲ ਤਿਆਰ ਕੀਤਾ ਜਾਂਦਾ ਹੈ ਜਿਸ ਵਿਚ ਅਧਿਆਪਕਾਂ ਦੀਆਂ ਖਾਲੀ ਘੰਟੀਆਂ ਨੂੰ ਪ੍ਰਗਟਾਇਆ ਜਾਂਦਾ ਹੈ। ਇਸ ਦਾ ਇਹ ਲਾਭ ਹੁੰਦਾ ਹੈ ਕਿ ਜਦ ਕੋਈ ਅਧਿਆਪਕ ਛੁੱਟੀ ਉਤੇ ਹੋਵੇ ਤਾਂ ਮੁੱਖ ਅਧਿਆਪਕ ਉਸ ਦਾ ਕੰਮ ਝੱਟ ਇਕ ਅਜਿਹੇ ਅਧਿਆਪਕ ਨੂੰ ਸੌਂਪ ਸਕਦਾ ਹੈ, ਜਿਸ ਦੀ ਘੰਟੀ ਖਾਲੀ ਹੋਵੇ। ਕੋਈ ਵੀ ਜਮਾਤ ਬਿਨਾਂ ਅਧਿਆਪਕ ਤੋਂ ਨਹੀਂ ਰੱਖੀ ਜਾ ਸਕਦੀ ਹੈ, ਕਿਉਂਕਿ ਇਸ ਹਾਲਤ ਵਿਚ ਬੱਚੇ ਸ਼ੋਰ ਮਚਾਉਂਦੇ ਹਨ ਅਤੇ ਦੂਜੀਆਂ ਜਮਾਤਾਂ ਦੇ ਕੰਮ ਵਿਚ ਵਿਘਨ ਪਾਉਂਦੇ ਹਨ। ਕੇਵਲ ਵਿਹਲੀ ਘੰਟੀ ਵਾਲੇ ਅਧਿਆਪਕ ਨੂੰ ਹੀ ਉਸ ਜਮਾਤ ਵਿਚ ਭੇਜਿਆ ਜਾ ਸਕਦਾ ਹੈ। ਪਰ ਇਸ ਗੱਲ ਦਾ ਖ਼ਿਆਲ ਰੱਖਿਆ ਜਾਏ ਕਿ ਹਰੇਕ ਅਧਿਆਪਕ ਨੂੰ ਦਿਨ ਵਿਚ ਕੋਈ ਨਾ ਕੋਈ ਅਜਿਹੀ ਵਿਹਲੀ ਘੰਟੀ ਜ਼ਰੂਰ ਮਿਲੇ ਜਿਸ ਵਿਚ ਉਸ ਨੂੰ ਕਿਸੇ ਜਮਾਤ ਵਿਚ ਭੇਜਿਆ ਜਾਏ।

2.4.4 **ਅਧਿਆਪਕ ਸੰਬੰਧੀ ਟਾਈਮ ਟੇਬਲ (Teacher's time-table)**: ਹਰੇਕ ਅਧਿਆਪਕ ਕੋਲ ਪੜ੍ਹਾਉਣ ਵਾਲੇ ਵਿਸ਼ਿਆਂ ਤੇ ਪਾਠ-ਸਹਾਇਕ ਕਾਰਜਸ਼ੀਲਤਾਵਾਂ ਦੀ ਇਕ ਸੂਚੀ ਹੁੰਦੀ ਹੈ। ਇਸ ਤੋਂ ਉਪਰੰਤ ਮੁੱਖ-ਅਧਿਆਪਕ ਦੀ ਸੌਖ ਲਈ ਅਧਿਆਪਕਾਂ ਦਾ ਇਕ ਸਮੁੱਚਾ ਟਾਈਮ ਟੇਬਲ ਤਿਆਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਟਾਈਮ ਟੇਬਲ ਦੀ ਇਕ ਕਾਪੀ ਮੁੱਖ-ਅਧਿਆਪਕ ਦੇ ਦਫਤਰ ਵਿਚ ਅਤੇ ਦੂਜੀ ਸਟਾਫ਼ ਰੂਮ ਵਿੱਚ ਹੁੰਦੀ ਹੈ।

2.4.5 **ਵਿਸ਼ੇ ਸਬੰਧੀ ਟਾਈਮ ਟੇਬਲ (Subject wise time-table)**: ਇਹ ਟਾਈਮ ਟੇਬਲ ਸਾਧਾਰਨ

ਟਾਈਮ ਟੇਬਲ ਵਿਚੋਂ ਕੱਟ ਕੇ ਬਣਾਇਆ ਜਾਂਦਾ ਹੈ ਅਤੇ ਇਸ ਵਿਚ ਸਮੁੱਚੇ ਸਕੂਲ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦਾ ਪੂਰਾ ਵੇਰਵਾ ਦਿੱਤਾ ਜਾਂਦਾ ਹੈ।

2.4.6 **ਖੇਡਾਂ ਸਬੰਧੀ ਟਾਈਮ ਟੇਬਲ (Games Period time-table)**: ਇਸ ਟਾਈਮ ਟੇਬਲ ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਕੋਈ ਜਮਾਤ ਕਿਹੜੀ ਖੇਡ-ਖੇਡ ਰਹੀ ਹੈ ਪਰ ਇਹੋ ਜਿਹਾ ਟਾਈਮ ਟੇਬਲ ਜਮਾਤਾਂ ਜਾਂ ਵਿਭਾਗਾਂ ਦੇ ਆਧਾਰ ਉਤੇ ਨਹੀਂ ਬਣਾਇਆ ਜਾਂਦਾ, ਸਗੋਂ ਉਮਰ-ਵਰਗ ਅਤੇ ਵਿਸ਼ੇਸ਼ ਖੇਡ-ਯੋਗਤਾ ਦੇ ਆਧਾਰ ਉਤੇ ਬਣਾਇਆ ਜਾਂਦਾ ਹੈ। ਇਸ ਟਾਈਮ ਟੇਬਲ ਵਿਚ ਇਹ ਵੀ ਦਰਸਾਇਆ ਜਾਂਦਾ ਹੈ ਕਿ ਕਿਸੇ ਵਿਸ਼ੇਸ਼ ਉਮਰ-ਵਰਗ ਦੇ ਵਿਦਿਆਰਥੀ ਕਿਸੇ ਸਮੇਂ ਕਿਹੜੇ ਮੈਦਾਨ ਵਿਚ ਖੇਡ ਰਹੇ ਹਨ।

2.4.7 **ਘਰ ਦੇ ਕੰਮ ਸਬੰਧੀ ਟਾਈਮ ਟੇਬਲ (Home Work Time Table)**: ਹਰੇਕ ਸਕੂਲ ਵਿਚ ਵਿਦਿਆਰਥੀਆਂ ਨੂੰ ਘਰ ਵਿਚ ਕਰਨ ਲਈ ਕੰਮ ਦਿੱਤਾ ਜਾਂਦਾ ਹੈ। ਇਹ ਕੰਮ ਹਰੇਕ ਅਧਿਆਪਕ ਆਪਣੇ-ਆਪਣੇ ਵਿਸ਼ੇ ਬਾਰੇ ਦਿੰਦਾ ਹੈ। ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਹੋਰ ਅਧਿਆਪਕਾਂ ਨੂੰ ਕਿੰਨਾ ਕੁ ਇਹੋ ਜਿਹਾ ਕੰਮ ਦਿੱਤਾ ਹੈ। ਇਸ ਲਈ ਹੋ ਸਕਦਾ ਹੈ ਕਿ ਕਿਸੇ ਇਕ ਦਿਨ ਜਮਾਤ ਦੇ ਵਿਦਿਆਰਥੀਆਂ ਨੂੰ ਬਹੁਤ ਜ਼ਿਆਦਾ ਘਰ ਦਾ ਕੰਮ ਮਿਲੇ ਤੇ ਕਿਸੇ ਦਿਨ ਬਹੁਤ ਥੋੜ੍ਹਾ ਮਿਲੇ। ਇਹੋ ਜਿਹੀ ਹਾਲਤ ਤੋਂ ਬਚਣ ਲਈ ਅਤੇ ਵਿਦਿਆਰਥੀਆਂ ਉਤੇ ਘਰ ਦੇ ਕੰਮ ਦਾ ਬਹੁਤਾ ਬੋਝ ਨਾ ਪਾਉਣ ਲਈ ਹਰੇਕ ਜਮਾਤ ਸਬੰਧੀ ਘਰ ਦੇ ਕੰਮ ਲਈ ਟਾਈਮ ਟੇਬਲ ਪਹਿਲੇ ਹੀ ਬਣਾ ਦਿੱਤਾ ਜਾਂਦਾ ਹੈ। ਇਸ ਵਿਚ ਹਰ ਵਿਸ਼ੇ ਸਬੰਧੀ ਘਰ ਦੇ ਕੰਮ ਦੀ ਮਾਤਰਾ ਨਿਸ਼ਚਿਤ ਹੁੰਦੀ ਹੈ। ਇਸ ਲਈ ਕੋਈ ਅਧਿਆਪਕ ਉਸ ਨਿਸ਼ਚਿਤ ਮਾਤਰਾ ਤੋਂ ਵੱਧ ਕੰਮ ਨਹੀਂ ਦਿੰਦਾ।

2.4.8 **ਪਾਠਾਂਤਰ ਕਿਰਿਆਵਾਂ ਸਬੰਧੀ ਟਾਈਮ ਟੇਬਲ (Co-curricular Activities Time Table)** : ਹਰੇਕ ਸਕੂਲ ਵਿਚ ਪੜ੍ਹਾਈ ਅਤੇ ਖੇਡਾਂ ਤੋਂ ਉਪਰੰਤ ਪਾਠਾਂਤਰ ਕਿਰਿਆਵਾਂ ਵੀ ਹੁੰਦੀਆਂ ਹਨ। ਅਜ ਕਲ ਇਨ੍ਹਾਂ ਨੂੰ ਪੜਾਈ ਨਾਲੋਂ ਵੀ ਵੱਧ ਮਹੱਤਤਾ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਦੀਆਂ ਕਿਰਿਆਵਾਂ ਨਾਲ ਸੰਬੰਧਿਤ ਟਾਈਮ ਟੇਬਲ ਹਰੇਕ ਸਾਲ ਦੇ ਆਰੰਭ ਵਿਚ ਬਣਾਇਆ ਜਾਂਦਾ ਹੈ। ਇਸ ਵਿਚ ਹਰੇਕ ਕਿਸਮ ਦੀ ਪਾਠਾਂਤਰ ਕਿਰਿਆ ਦਾ ਵੇਰਵਾ ਹੁੰਦਾ ਹੈ ਅਤੇ ਉਸ ਦੇ ਇੰਚਾਰਜ ਅਧਿਆਪਕ ਦਾ ਨਾਂ ਵੀ ਹੁੰਦਾ ਹੈ। ਇਸ ਟਾਈਮ ਟੇਬਲ ਤੋਂ ਬਿਨਾਂ ਜੋ ਵਿਦਿਆਰਥੀ ਆਪਣੀ ਮਰਜ਼ੀ ਨਾਲ ਪਾਠਾਂਤਰ ਕਾਰਜਸ਼ੀਲਤਾਵਾਂ ਵਿਚ ਭਾਗ ਲੈਣ ਤਾਂ ਉਨ੍ਹਾਂ ਦਾ ਠੁੱਕ ਸਿਰ ਚਲਣਾ ਮੁਸ਼ਕਿਲ ਹੋ ਜਾਂਦਾ ਹੈ ਕਿਉਂ ਕਿ ਕਈ ਕਾਰਜਸ਼ੀਲਤਾਵਾਂ ਆਪਸ ਵਿਚ ਰਲ-ਮਿਲ ਜਾਂਦੀਆਂ ਹਨ ਅਤੇ ਕਈਆਂ ਦਾ ਦੂਹਰੀਕਰਨ ਹੋ ਜਾਂਦਾ ਹੈ। ਇਸ ਲਈ ਵਿਦਿਆਰਥੀਆਂ ਅਤੇ ਇੰਚਾਰਜ ਅਧਿਆਪਕਾਂ ਨੂੰ ਇਹੋ ਜਿਹੇ ਟਾਈਮ ਰਾਹੀਂ ਕੰਮ ਬੜਾ ਸੌਖਾ ਹੋ ਜਾਂਦਾ ਹੈ।

2.5 **ਟਾਈਮ-ਟੇਬਲ ਦੇ ਸਿਧਾਂਤ (Principles of Time-Table)** : ਟਾਈਮ ਟੇਬਲ ਤਿਆਰ ਕਰਨਾ ਮੁਸ਼ਕਿਲ ਕੰਮ ਹੈ ਕਿਉਂਕਿ ਇਸ ਨੂੰ ਤਿਆਰ ਕਰਨ ਲੱਗਿਆਂ ਕਈ ਨਿਯਮ ਅਤੇ ਸਥਿਤੀਆਂ ਨੂੰ ਸਾਹਮਣੇ ਰੱਖਣਾ ਪੈਂਦਾ ਹੈ। ਇਸ ਨੂੰ ਬਣਾਉਣ ਲਈ ਹੇਠ ਲਿਖੇ ਸਿਧਾਂਤਾਂ ਨੂੰ ਧਿਆਨ ਵਿੱਚ ਰਖਣਾ ਚਾਹੀਦਾ ਹੈ:

2.5.1 **ਸਕੂਲ ਦੀ ਕਿਸਮ (Types of School)**: ਸਾਰੀਆਂ ਕਿਰਿਆਵਾਂ ਅਤੇ ਪਾਠਅੰਤਰ ਕਿਰਿਆਵਾਂ ਸਕੂਲ ਦੀ ਕਿਸਮ ਤੇ ਨਿਰਭਰ ਕਰਦੀਆਂ ਹਨ। ਹਾਈ ਜਾਂ ਸੰਕੈਡਰੀ ਸਕੂਲ ਦੀਆਂ ਕਿਰਿਆਵਾਂ ਪ੍ਰਾਇਮਰੀ ਸਕੂਲ ਤੋਂ ਵੱਖਰੀਆਂ ਹੋਣਗੀਆਂ। ਇਨ੍ਹਾਂ ਕਿਰਿਆਵਾਂ ਦਾ ਪ੍ਰਬੰਧ ਕਰਨ ਲਈ ਪੇਂਡੂ ਸਕੂਲਾਂ ਅਤੇ ਸ਼ਹਿਰੀ ਸਕੂਲਾਂ ਦੀਆਂ ਸਥਿਤੀਆਂ ਵੱਖਰੀਆਂ ਹੋਣਗੀਆਂ। ਇਕ ਅਧਿਆਪਕੀ ਸਕੂਲ ਅਤੇ ਡਬਲ ਸਿਫ਼ਟ ਦੀਆਂ ਆਪਣੀਆਂ ਮੁਸ਼ਕਲਾਂ ਹੁੰਦੀਆਂ ਹਨ ਜਿਹੜੀਆਂ ਟਾਈਮ-ਟੇਬਲ ਬਣਾਉਣ ਲੱਗਿਆਂ ਸਕੂਲ ਕਿਸਮ ਅਤੇ ਲੋੜਾਂ ਨੂੰ ਧਿਆਨ ਵਿਚ ਰਖਣ ਦੀ ਜ਼ਰੂਰਤ ਹੈ।

2.5.2 **ਮਹਿਮਕੇ ਦੇ ਨਿਯਮਾਂ ਦਾ ਪਾਲਣ (Departmental Rules and Regulations)**: ਸਿਖਿਆ

ਮਹਿਕਮੇ ਵਲੋਂ ਅਕਸਰ ਟਾਈਮ-ਟੇਬਲ ਬਣਾਉਣ ਲਈ ਅਗਵਾਈ ਨਿਯਮ ਭੇਜੇ ਜਾਂਦੇ ਹਨ। ਇਨ੍ਹਾਂ ਵਿਚ ਸਕੂਲ ਸਾਲ ਦੀ ਲੰਬਾਈ, ਸਕੂਲ ਦਿਨ ਦਾ ਸਮਾਂ, ਪੀਰੀਅਡ ਦਾ ਸਮਾਂ, ਹਰੇਕ ਵਿਸ਼ੇ ਦੇ ਪੀਰੀਅਡਾਂ ਦੀ ਕੁੱਲ ਸੰਖਿਆ ਆਦਿ ਸ਼ਾਮਲ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਸਰਦੀਆਂ ਵਿਚ ਪੰਜਾਬ ਦੇ ਸਕੂਲ 9 ਵਜੇ ਸਵੇਰੇ ਤੋਂ ਸ਼ਾਮ 4 ਵਜੇ ਤੱਕ, ਗਰਮੀਆਂ ਵਿਚ ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤੱਕ ਚਲਦੇ ਹਨ। ਹਰ ਰੋਜ਼ ਪੀਰੀਅਡ ਲਗਦੇ ਹਨ ਅਤੇ ਹਰ ਪੀਰੀਅਡ 40 ਮਿੰਟ ਦਾ ਹੁੰਦਾ ਹੈ।

2.5.3 **ਸਮੇਂ ਦੀ ਵੰਡ (Availability of Time) :** ਭਿੰਨ ਭਿੰਨ ਵਿਸ਼ਿਆਂ ਨੂੰ ਦਿੱਤਾ ਗਿਆ ਸਮਾਂ ਨਿਯਮਾਂ ਅਨੁਸਾਰ ਵੰਡਿਆ ਜਾਂਦਾ ਹੈ। ਜਿਨ੍ਹਾਂ ਸਕੂਲਾਂ ਦਾ ਦਰਜਾ ਵੱਡਾ ਹੁੰਦਾ ਹੈ ਉਨਾ ਹੀ ਲੰਬਾ ਸਕੂਲੀ ਦਿਨ ਹੁੰਦਾ ਹੈ। ਛੋਟੀਆਂ ਕਲਾਸਾਂ ਲਈ ਅਕਸਰ ਘੱਟ ਸਮਾਂ ਦਿੱਤਾ ਜਾਂਦਾ ਹੈ। ਦੋ ਸ਼ਿਫਟਾਂ ਵਾਲੇ ਸਕੂਲਾਂ ਦਾ ਸਮਾਂ ਹੁੰਦਾ ਹੈ। ਸੋ ਸਮੇਂ ਦੀ ਉਪਲਭਤਾ ਅਨੁਸਾਰ ਟਾਈਮ ਟੇਬਲ ਨੂੰ ਬਣਾਇਆ ਜਾਂਦਾ ਹੈ।

2.5.4 **ਵਿਸ਼ੇ ਦੀ ਮਹੱਤਤਾ ਅਤੇ ਕਠਿਨਤਾ (Relative Importance and Diffculty of Subjects):** ਕੁਝ ਵਿਸ਼ੇ ਅਜਿਹੇ ਹੁੰਦੇ ਹਨ ਜਿਹੜੇ ਦੂਜੇ ਸਮਾਜਕ ਅਤੇ ਆਰਥਿਕ ਵਿਸ਼ਿਆਂ ਤੋਂ ਜ਼ਿਆਦਾ ਜ਼ਰੂਰੀ ਹਨ। ਸਾਇੰਸ, ਹਿਸਾਬ, ਅਤੇ ਅੰਗਰੇਜ਼ੀ ਵਰਗੇ ਵਿਸ਼ੇ ਜ਼ਿਆਦਾ ਜ਼ਰੂਰੀ ਅਤੇ ਮੁਸ਼ਕਲ ਹੁੰਦੇ ਹਨ। ਸੋ ਇਹ ਦੂਜੇ ਸੌਖੇ ਵਿਸ਼ਿਆਂ ਨਾਲੋਂ ਜ਼ਿਆਦਾ ਸਮੇਂ ਦੀ ਮੰਗ ਕਰਦੇ ਹਨ। ਟਾਈਮ ਟੇਬਲ ਵਿਚ ਸਵੇਰ ਵਾਲੇ ਪੀਰੀਅਡ ਵਿਚ ਇਨ੍ਹਾਂ ਵਿਸ਼ਿਆਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਸੌਖੇ ਅਤੇ ਘੱਟ ਦਿਮਾਗੀ ਥਕਾਵਟ ਪੈਦਾ ਕਰਨ ਵਾਲੇ ਵਿਸ਼ੇ ਬਾਅਦ ਵਿੱਚ ਲਗਾਏ ਜਾਂਦੇ ਹਨ।

2.5.5 **ਸਟਾਫ, ਸਮੱਗਰੀ ਅਤੇ ਕਮਰਿਆਂ ਆਦਿ ਦੀ ਵਰਤੋਂ (Use of taff, Equipment and Building)**: ਸਟਾਫ, ਸਮਾਨ ਅਤੇ ਸਕੂਲੀ ਇਮਾਰਤ ਦੇ ਮੁੱਯਸਰ ਹੋਣ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ। ਦੋ ਕਲਾਸਾਂ ਨੂੰ ਇਕ ਕਮਰੇ ਵਿਚ ਰਖਣ ਵਾਲੇ ਸਕੂਲ ਦਾ ਟਾਈਮ-ਟੇਬਲ ਉਸ ਸਕੂਲ ਤੋਂ ਵੱਖਰਾ ਹੋਵੇਗਾ ਜਿਸ ਵਿਚ ਜ਼ਿਆਦਾ ਤਜ਼ਰਬੇ ਵਾਲੇ ਅਧਿਆਪਕ, ਠੀਕ ਸਮਾਨ ਅਤੇ ਇਮਾਰਤ ਅਤੇ ਫਰਨੀਚਰ ਹੋਵੇਗਾ। ਇਸ ਲਈ ਟਾਈਮ-ਟੇਬਲ ਬਣਾਉਣ ਵਾਲੇ ਵਿਅਕਤੀ ਨੂੰ ਉਹਨਾਂ ਸਭ ਚੀਜ਼ਾਂ ਨੂੰ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ਜਿਹੜੀਆਂ ਵਿਦਿਆਰਥੀਆਂ ਦੀਆਂ ਲੋੜਾਂ ਤੇ ਪੂਰੀਆਂ ਉਤਰਦੀਆਂ ਹੋਣ।

2.5.6 **ਵੰਨ-ਸੁਵੰਨਤਾ ਦਾ ਅਸੂਲ (Principle of Variety)** : ਵੰਨ ਸੁਵੰਨਤਾ ਥਕਾਵਟ ਹਟਾਉਣ ਦਾ ਵਧੀਆ ਢੰਗ ਹੈ। ਇਕੋ ਵਿਸ਼ਾ ਲਗਾਤਾਰ ਪੜ੍ਹਾਉਣ ਨਾਲ ਕਈ ਮੁਸ਼ਕਲਾਂ ਆਉਂਦੀਆਂ ਹਨ। ਸਾਰਾ ਦਿਨ ਇਕ ਕਲਾਸ ਖਾਸ ਕਮਰੇ ਵਿੱਚ ਹੀ ਬੈਠੀ ਨਹੀਂ ਰਹਿਣੀ ਚਾਹੀਦੀ। ਥਾਂ, ਕਮਰਾ ਆਦਿ ਬਦਲਣ ਨਾਲ ਥਕਾਵਟ ਦੂਰ ਹੁੰਦੀ ਹੈ। ਕਿਸੇ ਵੀ ਕਲਾਸ ਵਿਚ ਇਕੋ ਵਿਸ਼ੇ ਦੇ ਲਗਾਤਾਰ ਦੋ ਪੀਰੀਅਡ ਨਹੀਂ ਲੈਣੇ ਚਾਹੀਦੇ, ਬਿਨਾਂ ਵਿਗਿਆਨ ਜਾਂ ਹੱਥੀ ਕੰਮ ਕਰਨ ਦੇ ਵਿਸ਼ਿਆਂ ਤੋਂ ਅਧਿਆਪਕ ਅਤੇ ਵਿਸ਼ੇ ਬਦਲਣ ਨਾਲ ਹਰੇਕ ਵਿਦਿਆਰਥੀ ਨੂੰ ਖੁਸ਼ੀ ਤੇ ਅਰਾਮ ਮਿਲੇਗਾ।

2.5.7 **ਲਚਕ ਦਾ ਅਸੂਲ (Principle of Elasticity)**: ਟਾਈਮ-ਟੇਬਲ ਸਕੂਲ ਦੇ ਕੰਮ ਨੂੰ ਠੀਕ ਢੰਗ ਨਾਲ ਚਲਾਈ ਰਖਣ ਦਾ ਇਕ ਵਧੀਆ ਸਾਧਨ ਹੈ। ਇਹ ਅੜੀਅਲ ਨਹੀਂ ਹੋਣਾ ਚਾਹੀਦਾ ਹੈ। ਇਹ ਵੀ ਧਿਆਨ ਵਿਚ ਰਖਣ ਦੀ ਲੋੜ ਹੈ ਕਿ ਟਾਈਮ-ਟੇਬਲ ਨਿੱਤ ਦੀ ਬਦਲੀ ਸਕੂਲ ਦੇ ਕੰਮ ਤੇ ਮਾੜਾ ਅਸਰ ਪਾਵੇਗੀ। ਇਸ ਲਈ ਹਮੇਸ਼ਾਂ ਸਮਾਯੋਜਨ ਕਰਨ ਦੀ ਲੋੜ ਹੈ। ਜ਼ਿਆਦਾ ਸਖ਼ਤੀ ਅਤੇ ਜ਼ਿਆਦਾ ਖੁੱਲ੍ਹ ਬੇਲੋੜ ਹੈ। ਟਾਈਮ-ਟੇਬਲ ਸਾਡਾ ਆਗਿਆਕਾਰੀ ਨੌਕਰ ਹੋਣਾ ਚਾਹੀਦਾ ਹੈ ਨਾ ਕਿ ਮਾਲਕ।

2.5.8 **ਖੇਡ ਅਤੇ ਮਨੋਰੰਜਨ (Play and Recreation)** : ਬੱਚਿਆਂ ਨੂੰ ਖੇਡਾਂ ਅਤੇ ਮਨੋਰੰਜਨ ਤੋਂ ਰੋਕਣਾ ਨਹੀਂ ਚਾਹੀਦਾ। ਢੇਡ ਉਨ੍ਹਾਂ ਨੂੰ ਸਿਹਤਮੰਦ ਬਣਾਉਂਦੀਆਂ ਹਨ। ਇਹ ਖੁਸ਼ੀ ਅਤੇ ਹਾਸਾ ਦਿੰਦੀਆਂ ਹਨ। ਖੇਡਾਂ ਜਿਸਮਾਨੀ ਕਿਰਿਆਵਾਂ, ਪੀ.ਟੀ.ਰੇਡੀਓ ਅਤੇ ਟੀ.ਵੀ. ਪ੍ਰੋਗਰਾਮ ਡਰਾਮੇ ਅਤੇ ਹੋਰ ਕਿਰਿਆਵਾਂ ਵਿਦਿਆਰਥੀਆਂ ਨੂੰ ਖੁਸ਼ੀ ਅਤੇ ਮਨੋਰੰਜਨ ਦਿੰਦੀਆਂ ਹਨ।

2.5.9 **ਥਕਾਵਟ ਦੇ ਤੱਤ (Element of Fatigues)**: ਥਕਾਵਟ ਕੰਮ ਜਾਰੀ ਰਖਣ ਵਿਚ ਰੋਕ ਹੈ। ਇਹ ਦੋ ਕਿਸਮ ਦੀ ਹੈ।

(1) ਜਿਸਮਾਨੀ ਥਕਾਵਟ

(2) ਦਿਮਾਗੀ ਥਕਾਵਟ

ਥਕਾਵਟ ਬੇਧਿਆਨਾ ਕਰਦੀ ਹੈ। ਸਕੂਲ ਵਿਚ ਕਈ ਵਿਸ਼ੇ ਦੂਜੇ ਨਾਲੋਂ ਜ਼ਿਆਦਾ ਥਕਾਵਟੀ ਹੁੰਦੇ ਹਨ। ਸਕੂਲੀ ਦਿਨ ਦਾ ਦੂਜਾ ਅਤੇ ਤੀਜਾ ਪੀਰੀਅਡ, ਅਤੇ ਸਕੂਲੀ ਹਫਤੇ ਦਾ ਤੀਜਾ ਦਿਨ ਸਭ ਤੋਂ ਵਧੀਆ ਹਨ ਅਤੇ ਕੰਮ ਕਰਨ ਦੀ ਸੀਮਾ ਵੱਧ ਤੋਂ ਵੱਧ ਹੁੰਦੀ ਹੈ। ਸੋਮਵਾਰ ਕੰਮ ਦੀ ਤਿਆਰੀ ਕਰਨ ਦਾ ਦਿਨ ਹੈ ਅਤੇ ਸ਼ਨਿਚਰਵਾਰ ਅਵੇਸਲੇ ਹੋ ਜਾਣ ਦਾ ਦਿਨ ਹੁੰਦਾ ਹੈ। ਇਸ ਤਰ੍ਹਾਂ ਅੰਗਰੇਜ਼ੀ, ਹਿਸਾਬ ਅਤੇ ਸਾਇੰਸ ਵਿਸ਼ੇ ਦਿਨ ਦੇ ਵਧੀਆ ਪੀਰੀਅਡਾਂ ਵਿਚ ਪੜ੍ਹਾਏ ਜਾਂਦੇ ਹਨ। ਛੋਟੇ ਬੱਚੇ ਛੇਤੀ ਥੱਕ ਜਾਂਦੇ ਹਨ। ਉਹਨਾਂ ਲਈ ਛੇਤੀ ਕੰਮਾਂ ਅਤੇ ਕਿਰਿਆਵਾਂ ਵਿਚ ਬਦਲੀ ਕਰਨ ਦੀ ਲੋੜ ਹੈ।

ਇਹ ਯਾਦ ਰਖਣ ਦੀ ਲੋੜ ਹੈ ਕਿ ਟਾਈਮ-ਟੇਬਲ ਇਕ ਸਾਧਨ ਹੈ ਨਾ ਕਿ ਟੀਚਾ। ਇਸ ਦਾ ਨਿਰਮਾਣ ਸੋਖਾ ਕੰਮ ਨਹੀਂ ਹੈ। ਜਿਥੋਂ ਤੱਕ ਸੰਭਵ ਹੋ ਸਕੇ ਇਹ ਅਧਿਆਪਕਾਂ ਦੀ ਸਹਿਮਤੀ ਨਾਲ ਬਣਾਉਣਾ ਚਾਹੀਦਾ ਹੈ। ਸਾਨੂੰ ਇਹ ਅਸੂਲ ਟਾਈਮ-ਟੇਬਲ ਬਣਾਉਣ ਲੱਗੇ ਧਿਆਨ ਵਿਚ ਰੱਖਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀਆਂ ਮੁਸ਼ਕਲਾਂ ਦਾ ਠੀਕ ਢੰਗ ਅਤੇ ਠੀਕ ਸਮੇਂ ਹੱਲ ਹੋ ਸਕੇ।

2.6 **ਸਾਰ** :

ਟਾਈਮ ਟੇਬਲ ਉਹ ਸ਼ੀਸ਼ਾ ਹੈ ਜਿਸ ਵਿਚ ਸਕੂਲ ਦੇ ਕੰਮ ਦਾ ਪ੍ਰਤਿਬਿੰਬ ਵੇਖਿਆ ਜਾ ਸਕਦਾ ਹੈ, ਟਾਈਮ ਟੇਬਲ ਨੂੰ ਸਕੂਲ ਕੰਮ ਦੀ ਘੜੀ ਕਿਹਾ ਜਾਂਦਾ ਹੈ। ਐਚ.ਬੀ.ਸਟੈਡ ਲਿਖਦਾ ਹੈ ਕਿ ''ਟਾਈਮ ਟੇਬਲ ਸਕੂਲ ਦੇ ਕੰਮ ਦੀ ਰੂਪ-ਰੇਖਾ ਹੁੰਦੀ ਹੈ ਤੇ ਇਸ ਵਿਚ ਸਕੂਲ ਉਦੇਸ਼ਾਂ ਦਾ ਪ੍ਰਕਾਸ਼ ਸਾਫ਼ ਨਜ਼ਰ ਆ ਰਿਹਾ ਹੁੰਦਾ ਹੈ, ਜਿਵੇਂ ਸਕੂਟਰ ਜਾਂ ਕਾਰ ਦੇ ਇੰਜਣ ਨੂੰ ਸਟਾਰਟ ਕਰਨ ਲਈ ਪਲੱਗ ਦੀ ਵਰਤੋਂ ਕੀਤੀ ਜਾਂਦੀ ਹੈ, ਤਿਵੇਂ ਹੀ ਸਕੂਲ ਦੀ ਕ੍ਰਿਆ ਨੂੰ ਆਰੰਭ ਕਰਨ ਲਈ ਤੇ ਉਸ ਨੂੰ ਨਿਰੰਤਰ ਚਾਲੂ ਰੱਖਣ ਲਈ ਟਾਈਮ ਟੇਬਲ ਦੀ ਵਰਤੋਂ ਕੀਤੀ ਜਾਂਦੀ ਹੈ। ਟਾਈਮ ਟੇਬਲ ਹੀ ਇਕ ਮਾਤਰ ਸਾਧਨ ਹੈ ਜਿਹੜਾ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਪੱਬਾਂ ਭਾਰ ਖੜਾ ਰੱਖਦਾ ਹੈ ਤੇ ਆਪਣਾ ਕੰਮ ਕਰਨ ਲਈ ਪ੍ਰੇਰਨਾ ਹੀ ਨਹੀਂ ਦੇਂਦਾ ਸਗੋਂ ਕੰਮ ਕਰਨ ਲਈ ਮਜ਼ਬੂਰ ਵੀ ਕਰਦਾ ਹੈ।

ਟਾਈਮ ਟੇਬਲ ਦਸਦਾ ਹੈ ਕਿ ਸਕੂਲ ਕਦੋਂ ਸ਼ੁਰੂ ਹੋਵੇਗਾ, ਅੱਧੀ ਛੁੱਟੀ ਕਦੋਂ ਹੋਵੇਗੀ, ਘੰਟੀਆਂ ਕਿੰਨੀਆਂ ਹੋਣਗੀਆਂ, ਕਿੰਨੇ-ਕਿੰਨੇ ਚਿਰ ਦੀਆਂ ਹੋਣਗੀਆਂ, ਅਧਿਆਪਕਾਂ ਨੇ ਕਿਸੇ, ਕਿਸ ਕਲਾਸ ਨੂੰ ਕਦੋ, ਕਦੋਂ ਕਿਹੜਾ-ਕਿਹੜਾ ਵਿਸ਼ਾ ਕਿੰਨੇ-ਕਿੰਨੇ ਚਿਰ ਲਈ ਪੜ੍ਹਾਨਾ ਹੈ।

2.7 **ਮੁੱਖ ਬਿੰਦੂ**: ਸਮਾਂ ਸਾਰਣੀ: ਸਮਾਂ ਸਾਰਣੀ ਸਕੂਲ ਦੇ ਦਿਨ ਦੇ ਕੰਮ ਦੀ ਰੂਪ ਰੇਖਾ ਹੈ।

2.8 **ਸੁਝਾਏ ਪ੍ਰਸ਼ਨ** :

1. ਟਾਈਮ ਟੇਬਲ ਬਣਾਉਣ ਦੇ ਮੁੱਖ ਸਿੱਧਾਂਤ ਕਿਹੜੇ ਹਨ।
2. ਹੇਠ ਲਿਖਿਆਂ ਉਤੇ ਸੰਖੇਪ ਨੋਟ ਲਿਖੋ।
   (ੳ) ਟਾਈਮ-ਟੇਬਲ ਬਣਾਉਣ ਵੇਲੇ ਕਿਹੜੀਆਂ ਗੱਲਾਂ ਧਿਆਨ ਵਿੱਚ ਰਖਣੀਆਂ ਚਾਹੀਦੀਆਂ ਹਨ।
   (ਅ) ਟਾਈਮ-ਟੇਬਲ ਕਿਉਂ ਜ਼ਰੂਰੀ ਹੈ?

2.9 **ਸਵੈ-ਮੁਲਾਂਕਣ ਅਭਿਆਸ**

1. ਟਾਈਮ-ਟੇਬਲ ਬਣਾਉਣ ਨਾਲ ਸਟਾਫ ਵਿੱਚ ਕੰਮ ਦੀ ਠੀਕ ਵੰਡ ਹੋ ਸਕਦੀ ਹੈ। (ਹਾਂ/ਨਹੀਂ)
2. ਟਾਈਮ-ਟੇਬਲ ਨਾਲ ਹਰ ਇਕ ਵਿਸ਼ੇ ਨੂੰ ਠੀਕ ਸਮਾਂ ਨਹੀਂ ਮਿਲ ਸਕਦਾ। (ਹਾਂ/ਨਹੀਂ)
3. ਇਹ ਸਮੇਂ ਅਤੇ ਸ਼ਕਤੀ ਦਾ ਵਿਅਰਥਪੁਣਾ ਬਚਾਉਂਦਾ ਹੈ। (ਹਾਂ/ਨਹੀਂ)

4. ਇਹ ਲਚਕਦਾਰ ਨਹੀਂ ਹੋਣਾ ਚਾਹੀਦਾ। (ਹਾਂ/ਨਹੀਂ)
5. ਇਹ ਸਿੱਖਿਆ ਮੰਤਵਾਂ ਦੀ ਪ੍ਰਾਪਤੀ ਵਿਚ ਸਹਾਇਤਾ ਕਰਦਾ ਹੈ। (ਹਾਂ/ਨਹੀਂ)
6. ਇਹ ਸਮੇਂ ਸਿਰ ਪੁੱਜਣ ਦੀ ਅਤੇ ਸਮੇਂ ਸਿਰ ਕੰਮ ਕਰਨ ਦੀ ਆਦਤ ਪਾਉਂਦਾ ਹੈ। (ਹਾਂ/ਨਹੀਂ)
7. ਟਾਈਮ-ਟੇਬਲ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਕੰਮ-ਥਕਾਵਟ ਦਾ ਧਿਆਨ ਨਹੀਂ ਰਖਿਆ ਜਾਂਦਾ ਹੈ। (ਹਾਂ/ਨਹੀਂ)

**ਉਤਰ-ਮਾਲਾ** : (1) ਹਾਂ, (2) ਨਹੀਂ (3) ਹਾਂ (4) ਨਹੀਂ (5) ਹਾਂ (6) ਹਾਂ (7) ਨਹੀਂ

## 2.10 ਸੁਝਾਈਆਂ ਪੁਸਤਕਾਂ :

ਰਾਇਬਰਨ, ਡਬਲਿਊ. ਐਮ. : ਔਰਗੇਨਾਈਜੇਸ਼ਨ ਬਾਏ ਇੰਡੀਅਨ ਸਕੂਲਜ਼
ਸਟੈਡ, ਐਚ.ਬੀ. : ਸਕੂਲ ਔਰਗੇਨਾਈਜੇਸ਼ਨ
ਮਹਾਈਯੁਦੀਨ, ਐਟ.ਆਲ : ਮੈਨੇਜਮੈਂਟ ਆਫ਼ ਸਕੂਲਜ਼
ਸ਼ਰਮਾ, ਟੀ.ਆਰ. : ਸਕੂਲਾਂ ਦਾ ਸੰਗਠਨ (ਪੰਜਾਬੀ ਯੂਨੀਵਰਸਿਟੀ)

ਪਾਠ ਨੰ: 1.3 ਲੇਖਕ : ਡਾ. ਮਨਜੀਤ ਕੌਰ

## ਅਨੁਸ਼ਾਸਨ : ਅਰਥ, ਪੁਰਾਣੀ ਅਤੇ ਆਧੁਨਿਕ ਧਾਰਨਾ, ਮਹੱਤਤਾ ਅਤੇ ਅਨੁਸ਼ਾਸਨਹੀਣਤਾ ਦੇ ਕਾਰਣ

ਪਾਠ ਦੀ ਬਣਤਰ

3.0 ਉਦੇਸ਼
3.1 ਜਾਣਕਾਰੀ
3.2 ਅਨੁਸ਼ਾਸਨ ਦੀ ਧਾਰਨਾ
3.3 ਆਜ਼ਾਦੀ ਅਤੇ ਅਨੁਸ਼ਾਸਨ
3.4 ਅਨੁਸ਼ਾਸਨਹੀਣਤਾ ਦੇ ਕਾਰਣ
3.5 ਅਨੁਸ਼ਾਸਨ ਠੀਕ ਰੱਖਣ ਦੇ ਢੰਗ
3.6 ਸਾਰ
3.7 ਮੁੱਖ ਬਿੰਦੂ
3.8 ਸੁਝਾਏ ਪ੍ਰਸ਼ਨ
3.9 ਸਵੈ-ਮੁਲਾਂਕਣ
3.10 ਸੁਝਾਈਆਂ ਪੁਸਤਕਾਂ

### 3.0 ਉਦੇਸ਼ :

ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀ ਹੇਠ ਲਿਖੇ ਸੰਕਲਪਾਂ ਬਾਰੇ ਸੂਝ ਪ੍ਰਾਪਤ ਕਰੋਗੇ :

(1) ਅਨੁਸ਼ਾਸਨ ਤੋਂ ਕੀ ਭਾਵ ਹੈ?
(2) ਅਨੁਸ਼ਾਸਨ ਦੀ ਧਾਰਨਾ ਕੀ ਹੈ?
(3) ਆਜ਼ਾਦੀ ਅਤੇ ਅਨੁਸ਼ਾਸਨ।
(4) ਅਨੁਸ਼ਾਸਨਹੀਣਤਾ ਦੇ ਕੀ-ਕੀ ਕਾਰਣ ਹਨ?
(5) ਇਨ੍ਹਾਂ ਕਾਰਣਾਂ ਨੂੰ ਅਸੀਂ ਕਿਵੇਂ ਹੱਲ ਕਰ ਸਕਦੇ ਹਾਂ।

**3.1 ਜਾਣਕਾਰੀ** : ਅਨੁਸ਼ਾਸਨ ਸ਼ਬਦ (Discipline) ਲਾਤੀਨੀ ਭਾਸ਼ਾ ਦੇ ਸ਼ਬਦ ਡਿਸਪਲਸ (Disciplus) ਤੋਂ ਬਣਿਆ ਹੈ, ਜਿਸਦਾ ਅਰਥ ਹੈ ਸਿੱਖਣਾ ਜਾਂ ਆਗਿਆ ਮੰਨਣਾ। ਇਸ ਲਈ ਸ਼ਿਸ਼ ਨੂੰ ਡਿਸਪਲ (Disciple) ਕਹਿੰਦੇ ਹਨ, ਕਿਉਂਕਿ ਉਹ ਆਪਣੇ ਗੁਰੂ ਕੋਲੋਂ ਸਿੱਖਦਾ ਹੈ ਅਤੇ ਉਸਦੀ ਆਗਿਆ ਮੰਨਦਾ ਹੈ। ਜਦ ਅਸੀਂ ਅਨੁਸ਼ਾਸਨ ਦੀ ਗੱਲ ਕਰਦੇ ਹਾਂ ਤਾਂ ਸਾਡੇ ਮੰਨ ਵਿੱਚ ਵਿਸ਼ੇਸ਼ ਅਸੂਲ ਅਤੇ ਕਾਨੂੰਨ ਹੁੰਦੇ ਹਨ, ਜਿਨ੍ਹਾਂ ਨੂੰ ਮੰਨਣਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕਾਨੂੰਨਾ ਨੂੰ ਨਾ ਮੰਨਣਾ ਅਨੁਸ਼ਾਸਣਹੀਣਤਾ ਅਖਵਾਉਂਦਾ ਹੈ।

### 3.2 ਅਨੁਸ਼ਾਸਨ ਦੀ ਧਾਰਨਾ :

ਟੀ.ਪੀ. ਨੱਨ ਦੇ ਸ਼ਬਦਾਂ ਵਿੱਚ, ''ਅਨੁਸ਼ਾਸਨ ਆਪਣੇ ਮਨੋਭਾਵਾਂ ਅਤੇ ਸ਼ਕਤੀਆਂ ਨੂੰ ਉਨ੍ਹਾਂ ਨੇਮਾਂ ਅਧੀਨ ਕਰਨਾ ਹੈ ਜਿਹੜੇ ਗੜਬੜ ਨੂੰ ਹਟਾ ਕੇ ਸੁਚੱਜਤਾ ਲੈ ਆਉਂਦੇ ਹਨ ਅਤੇ ਯੋਗਤਾ ਵਧਾਉਂਦੇ ਹਨ।'' "Discipline consists in the submission of one's impulses and powers to regulate which imposes form upon chaos and brings afficiency and economy where there would otherwise be ineffectiveness and waste."

ਕੇ.ਜੀ. ਸਾਇਦੇਨ ਦਾ ਕਥਨ ਹੈ, ''ਮੈਂ ਉਸੇ ਵਿਅਕਤੀ ਨੂੰ ਚੰਗਾ ਨਾਗਰਿਕ ਸਮਝਦਾ ਹਾਂ ਜਿਹੜਾ

ਨਿੰਜੀ ਮੰਗਾਂ ਨੂੰ ਆਪਣੇ ਟੋਲੇ ਦੀਆਂ ਮੰਗਾਂ ਨਾਲ ਸੰਤੁਲਿਤ ਰੱਖਦਾ ਹੈ ਅਤੇ ਇਨ੍ਹਾਂ ਦਾ ਉਚਿਤ ਅਤੇ ਚੰਗੇ ਤਰੀਕੇ ਨਾਲ ਮਿਲਾਨ ਕਰਦਾ ਹੈ।'' "I consider a person to be a good citizen if he can wisely and decently balance the claims of the self and the group to which he belongs and adjust there in a reasonable and amicable manner."

ਹਰੇਕ ਟੋਲੇ ਜਾਂ ਸਮਾਜ ਜਾਂ ਦੇਸ਼ ਦੇ ਲਈ ਅਸੂਲ, ਵਿਸ਼ਵਾਸ, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਹੁੰਦੀਆਂ ਹਨ। ਉਸ ਟੋਲੇ ਨਾਲ ਸਬੰਧਿਤ ਹਰੇਕ ਵਿਅਕਤੀ ਤਾਈਂ ਉਨ੍ਹਾਂ ਅਸੂਲਾਂ ਦੇ ਅਧੀਨ ਰਹਿਣਾ ਜ਼ਰੂਰੀ ਹੁੰਦਾ ਹੈ ਜਦ ਤੱਕ ਕੋਈ ਵਿਅਕਤੀ ਉਨ੍ਹਾਂ ਦੇ ਅਧੀਨ ਰਹਿੰਦਾ ਹੈ, ਉਹ ਅਨਸ਼ਾਸਨਸ਼ੀਲ ਅਖਵਾਉਂਦਾ ਹੈ, ਪਰ ਜਦੋਂ ਉਹ ਉਨ੍ਹਾਂ ਦੀ ਪਰਵਾਹ ਨਹੀਂ ਕਰਦਾ ਤਾਂ ਉਹ ਅਨੁਸ਼ਾਸਨਹੀਣ ਅਖਵਾਉਂਦਾ ਹੈ।

ਕਿਸੇ ਇਕ ਗਰੁੱਪ ਵਿੱਚ ਅਨੁਸ਼ਾਸਨਸ਼ੀਲ ਮਨੁੱਖ ਕਿਸੇ ਦੂਜੇ ਟੋਲੇ ਵਿਚ ਕਿਸ ਤਰ੍ਹਾਂ ਦਾ ਨਹੀਂ ਮੰਨਿਆ ਜਾਂਦਾ ਕਿਉਂਕਿ ਵੱਖ-ਵੱਖ ਸਮਾਜਿਕ ਗਰੁੱਪਾਂ ਦੀਆਂ ਅਨੁਸ਼ਾਸ਼ਨ ਸਬੰਧੀ ਵੱਖ-ਵੱਖ ਪੱਧਰਾਂ ਹਨ। ਉਦਾਹਰਣ ਵਜੋਂ ਸਾਡੇ ਦੇਸ਼ ਵਿਚ ਕਿਸੇ ਵਿਦਿਆਰਥੀ ਦਾ ਜਮਾਤ ਦੇ ਕਮਰੇ ਵਿਚ ਚਾਹ ਦਾ ਕੱਪ ਪੀਣਾ ਜਾਂ ਸਿਗਰਟ ਪੀਣਾ ਅਨੁਸ਼ਾਸਨ ਦੇ ਵਿਰੁੱਧ ਸਮਝਿਆ ਜਾਂਦਾ ਹੈ ਪਰ ਅਮਰੀਕਾ ਵਿਚ ਇਉਂ ਨਹੀਂ ਸਮਝਿਆ ਜਾਂਦਾ।

ਇਹੋ ਜਿਹੇ ਛੋਟੇ-ਮੋਟੇ ਫ਼ਰਕ ਹਰੇਕ ਦੇਸ਼ ਵਿਚ ਹੁੰਦੇ ਹਨ ਪਰ ਅਨੁਸ਼ਾਸਨ ਸਬੰਧੀ ਕਈ ਵੱਡੇ ਅਸੂਲ ਅਜਿਹੇ ਹਨ, ਜਿਹੜੇ ਸਭ ਦੇਸ਼ਾਂ ਦੇ ਇਕੋ ਜਿਹੇ ਹੁੰਦੇ ਹਨ। ਹਰੇਕ ਦੇਸ਼ ਵਿਚ ਅਮਨ ਕਾਇਮ ਰਖਣਾ ਜਾਂ ਸਰਕਾਰੀ ਹੁਕਮਾਂ ਦੀ ਪਾਲਣਾ ਕਰਨਾ ਅਨੁਸ਼ਾਸਨ ਵਿਚ ਸ਼ਾਮਲ ਹੈ। ਪਰ ਇਨ੍ਹਾਂ ਵੱਡੀਆਂ ਗੱਲਾਂ ਵਿਚ ਮਨੁੱਖ ਦੇ ਮਨ ਨੂੰ ਇਸ ਤਰ੍ਹਾਂ ਸਿੱਖਿਆ ਦਿੱਤੀ ਜਾ ਸਕਦੀ ਹੈ ਕਿ ਉਹ ਆਪਣੇ ਆਪ ਹੀ ਇਨ੍ਹਾਂ ਅਸੂਲਾਂ ਉਤੇ ਚਲਦਾ ਰਹੇ, ਬਾਹਰਲੀਆਂ ਬੰਦਸ਼ਾਂ ਦੀ ਲੋੜ ਹੀ ਨਾ ਪਵੇ।

ਡਬਲਯੂ.ਐਮ. ਰਾਇਬਰਟ ਦੇ ਸ਼ਬਦਾਂ ਵਿੱਚ, ''ਸੱਚਾ ਅਨੁਸ਼ਾਸਨ ਸਦਾ ਸਕਾਰਾਤਮਕ ਅਤੇ ਰਚਨਾਤਮਕ ਹੁੰਦਾ ਹੈ। ਇਹ ਕਦੀ ਵੀ ਨਾਕਾਰਾਤਮਕ ਅਤੇ ਵਿਨਾਸ਼ਾਤਮਕ ਨਹੀਂ ਹੁੰਦਾ। ਇਸ ਵਿਚ ਕਿਸੇ ਦਬਾਉ ਲਈ ਕੋਈ ਥਾਂ ਨਹੀਂ ਹੁੰਦੀ। ਇਹ ਪ੍ਰਗਟਾਵੇ ਅਤੇ ਸਿਆਣੇ ਕੋਮਲੀਕਰਨ ਉਤੇ ਆਧਾਰਿਤ ਹੁੰਦਾ ਹੈ।''

ਅੱਜ ਸੁਤੰਤਰਤਾ ਨੂੰ ਹੀ ਅਨੁਸ਼ਾਸਨ ਦਾ ਮੁੱਢ ਮੰਨਿਆ ਜਾਂਦਾ ਹੈ। ਅਨੁਸ਼ਾਸਨ ਉਹ ਨਹੀਂ ਜਿਹੜਾ ਬਾਹਰੋਂ ਜਾਂ ਉਪਰੋਂ ਵਿਦਿਆਰਥੀ ਉਤੇ ਲੱਦਿਆ ਜਾਵੇ, ਜਿਹੜਾ ਡੰਡੇ, ਮਾਰ ਕੁੱਟ, ਜੁਰਮਾਨੇ ਜਾਂ ਬੇਇਜ਼ਤੀ ਦੇ ਡਰ ਹੇਠਾਂ ਮਨਵਾਇਆ ਜਾਵੇ। ਅਜਿਹਾ ਅਨੁਸ਼ਾਸਨ ਅਸਥਾਈ ਤੇ ਆਰਜ਼ੀ ਥੋੜੀ ਦੇਰ ਰਹਿਣ ਵਾਲਾ ਹੁੰਦਾ ਹੈ। ਜਦੋਂ ਹੀ ਡਰ-ਭੈ ਇਕ ਪਾਸੇ ਹੋਇਆ, ਅਨੁਸ਼ਾਸਨ ਸਾਹਮਣੇ ਆ ਜਾਂਦਾ ਹੈ।

ਸਹੀ ਅਨੁਸ਼ਾਸਨ ਉਹ ਹੈ ਜਿਹੜਾ ਅੰਦਰੋਂ ਪੈਦਾ ਹੁੰਦਾ ਹੈ। ਜਦੋਂ ਸੁੰਤਤਰਤਾਪੂਰਵਕ ਵਿਦਿਆਰਥੀ ਆਪ ਹੀ ਨਿਯਮ, ਕਾਨੂੰਨ, ਨਿਅੰਤਰਣ ਜਾਂ ਸੰਜਮ ਦਾ ਮੁੱਖ ਸਮਝਕੇ ਉਹਨਾਂ ਉਤੇ ਅਮਲ ਕਰਨ ਨੂੰ ਆਪਣੀ ਆਦਤ ਬਣਾ ਲੈਂਦਾ ਹੈ ਤਾਂ ਉਹ ਅਸਲ ਵਿਚ ਅਨੁਸ਼ਾਸਨ ਨੂੰ ਪਿਆਰ ਕਰਨ ਲਗ ਜਾਂਦਾ ਹੈ।

ਅਨੁਸ਼ਾਸਨ ਵਿੱਚ ਅਸੀਂ ਕੀ-ਕੀ ਸ਼ਾਮਲ ਕਰਦੇ ਹਾਂ। ਸਭ ਤੋਂ ਪਹਿਲਾਂ ਆਪਣੇ ਸੰਵੇਗਾਂ ਤੇ ਕਾਬੂ ਪਾਉਣਾ, ਆਪਣੀ ਭਾਸ਼ਾ ਤੇ ਕਾਬੂ ਪਾਉਣਾ। ਅਜਿਹੇ ਚੰਗੇ ਅਤੇ ਖੁਬਸੂਰਤ ਵਿਵਹਾਰ ਨੂੰ ਅਨੁਸ਼ਾਸਨ ਕਹਿੰਦੇ ਹਨ ਜਿਸ ਵਿੱਚ ਸਾਵਾਂਪਨ, ਆਨੰਦ, ਸਫ਼ਲਤਾ ਅਤੇ ਜ਼ਿੰਮੇਵਾਰੀ ਲਈ ਅਹਿਸਾਸ ਹੋਵੇ, ਅਫਸਰਾਂ ਜਾਂ ਸੀਨੀਅਰ ਬੰਦਿਆਂ ਲਈ ਸਤਿਕਾਰ, ਵਿਵਸਥਾ ਲਈ ਪਿਆਰ, ਕਰਤੱਵ ਪਾਲਣ ਦੀ ਇੱਛਾ, ਨਿਪੁੰਨਤਾ ਅਤੇ ਸਹਿਯੋਗ ਦੇਣ ਦੀ ਲਾਲਸਾ, ਆਪਣੀਆਂ ਇੱਛਾਵਾਂ ਉਤੇ ਰੋਕ ਅਤੇ ਕਰੋਧ ਉਤੇ ਕਾਬੂ ਪਾਉਣ ਦੀ ਸ਼ਕਤੀ ਹੋਵੇ।

3.3 **ਆਜ਼ਾਦੀ ਅਤੇ ਅਨੁਸ਼ਾਸਨ** : ਇਹਨਾਂ ਦੋਵਾਂ ਸ਼ਬਦਾਂ ਲਈ ਇਕ ਦੂਜੇ ਲਈ ਅਨੁਕੂਲਤਾ ਅਤੇ ਆਪਸੀ ਸੰਬੰਧ ਨੂੰ ਸਮਝਣ ਲਈ ਸਾਨੂੰ ਭਿੰਨ ਭਿੰਨ ਕਥਨਾਂ ਦੀ ਜਾਣਕਾਰੀ ਲੈਣੀ ਪਵੇਗੀ। ਕੀ ਅਨੁਸ਼ਾਸਨ ਦਾ ਮਤਲਬ ਹੈ, ਆਜ਼ਾਦੀ ਨਾ ਹੋਵੇ? ਜਾਂ ਕੀ ਆਜ਼ਾਦੀ ਅਤੇ ਅਨੁਸ਼ਾਸਨ ਇਕੱਠੇ ਹੋ ਸਕਦੇ ਹਨ? ਸਿੱਖਿਆ ਦੇ ਖੇਤਰ ਵਿੱਚ ਬਹੁਤ ਦੇਰ ਤੋਂ ਆਜ਼ਾਦੀ ਅਤੇ ਅਨੁਸ਼ਾਸਨ ਦੇ ਅਰਥ ਬਾਰੇ ਕਾਫ਼ੀ ਮੱਤਭੇਦ ਰਹੇ ਹਨ। ਮੈਲੀਨੋਸਕੀ ਅਨੁਸਾਰ ਆਜ਼ਾਦੀ ਵਿਚ ਕੋਈ ਵੀ ਬੰਦਸ਼ ਨਹੀਂ ਹੋਣੀ ਚਾਹੀਦੀ, ਲੇਕਿਨ ਇਹ ਆਜ਼ਾਦੀ ਵੱਲ ਇਕ ਨਿਖੇਧੀਪੂਰਨ ਨਜ਼ਰੀਆ ਹੈ, ਬੰਦਸ਼ ਤੋਂ ਬਗੈਰ ਆਜ਼ਾਦੀ ਆਪਣੇ ਆਪ ਵਿਚ ਇਕ ਉਦੇਸ਼ ਨਹੀਂ ਹੋ ਸਕਦੀ। ਜੌਨ ਡਿਊਈ

ਦੇ ਮੱਤ ਅਨੁਸਾਰ, ਪ੍ਰਸੁਤੰਤਰਤਾ ਸਿਰਫ ਇਕ ਵਿਚਾਰ ਹੀ ਨਹੀਂ ਸਗੋਂ ਇਕ ਮੂਲ ਸਿਧਾਂਤ ਹੈ। ਇਹ ਬਹੁਤ ਸ਼ਕਤੀਸ਼ਾਲੀ ਅਤੇ ਵਿਸ਼ੇਸ਼ ਕੰਮ ਕਰਨ ਦੀ ਸ਼ਕਤੀ ਰਖਦੀ ਹੈ ਪ੍ਰੰਤੂ ਆਜ਼ਾਦੀ ਹਮੇਸ਼ਾਂ ਹੀ ਵਿਸ਼ੇਸ਼ ਸਮਾਜਿਕ ਸਥਿਤੀ ਅਨੁਸਾਰ ਹੁੰਦੀ ਹੈ। ਸਹੀ ਸੁਤੰਤਰਤਾ ਉਹਨਾਂ ਸ਼ਰਤਾਂ ਨਾਲ ਸੰਬੰਧਿਤ ਹੁੰਦੀ ਹੈ। ਜਿਹੜੀਆਂ ਵਿਅਕਤੀ ਨੂੰ ਇਸ ਕਾਬਲ ਬਣਾਉਣ ਕਿ ਉਹ ਸਮੂਹ ਦੇ ਲਾਭ ਲਈ ਕੋਈ ਵਿਸ਼ੇਸ਼ ਯੋਗਦਾਨ ਪਾ ਸਕੇ। ਇਕ ਪਰਜਾਤੰਤਰ ਸਮਾਜ ਵਿਚ ਜਿਥੇ ਹਕੂਮਤ ਯੋਗ ਵਿਅਕਤੀਆਂ ਕੋਲ ਹੁੰਦੀ ਹੈ। ਜਿਹੜੇ ਆਮ ਲੋਕਾਂ ਦੁਆਰਾ ਚੁਣੇ ਗਏ ਹੁੰਦੇ ਹਨ ਜਿਸ ਵਿਚ ਅਗਵਾਈ ਨੂੰ ਸਵੈ-ਇੱਛੁਕ ਤੌਰ ਤੇ ਮੰਨਿਆ ਜਾਂਦਾ ਹੈ ਅਤੇ ਜਿਸ ਵਿਚ ਆਗੂ ਉਸ ਦੇ ਅਨੁਸਾਰ ਚਲਣ ਵਾਲੇ ਵਿਅਕਤੀ ਇਕ ਸਾਂਝਾ ਉਦੇਸ਼ ਪ੍ਰਾਪਤ ਕਰਨ ਲਈ ਬੰਦਸ਼ਾਂ ਨੂੰ ਮੰਨਦੇ ਹਨ ਉਥੇ ਆਜ਼ਾਦੀ ਅਤੇ ਅਨੁਸ਼ਾਸਨ ਵਿਚ ਕੋਈ ਫਰਕ ਨਹੀਂ ਰਹਿੰਦਾ।

ਰੂਸੋ ਅਤੇ ਉਸ ਦੀ ਵਿਚਾਰਧਾਰਾ ਰਖਣ ਵਾਲੇ ਵਿਅਕਤੀਆਂ ਨੇ ਬਿਲਕੁਲ ਹੀ ਇਕਹਿਰਾ ਮੱਤ ਦਿੱਤਾ ਹੈ ਕਿ ਬੱਚਾ ਜੋ ਚਾਹੇ ਉਸ ਨੂੰ ਕਰੇ ਅਤੇ ਜੋ ਚਾਹੇ ਉਹ ਨਾ ਕਰਨ ਲਈ ਖੁਲ੍ਹਾ ਛੱਡ ਦਿਉ। ਉਸ ਨੂੰ ਕੁਦਰਤੀ ਤੌਰ ਤੇ ਨਿਕਲੇ ਨਤੀਜਿਆਂ ਤੋਂ ਸਿੱਖਣਾ ਚਾਹੀਦਾ ਹੈ। ਇਹ ਅਨੁਸ਼ਾਸਨ ਦੇ ਰਵਾਇਤੀ ਮੱਤ ਦੇ ਖੁਲ੍ਹੇ ਆਮ ਵਿਰੋਧ ਕਰਦਾ ਹੈ ਅਤੇ ਸੁਤੰਤਰਤਾ ਅਤੇ ਸਵੈ-ਅਨੁਸ਼ਾਸਨ ਦੇ ਵਿਚਾਰ ਨੂੰ ਅਪ੍ਰਵਾਨ ਕਰਦਾ ਹੈ। ਇਸ ਮੱਤ ਵਿਚ ਦਿੱਤੀ ਗਈ ਸੇਧ ਨੂੰ ਪੈਸਟਾਲੌਜੀ, ਫਰੋਇਬਲ ਅਤੇ ਮੈਂਟੀਸਰੀ ਨੇ ਵੀ ਮੰਨਿਆ। ਮੈਡਮ ਮੈਂਟੀਸਰੀ ਨੇ ਕਿਹਾ ਪ੍ਰਸੱਚਾ ਅਨੁਸ਼ਾਸਨ ਬੱਚੇ ਦੀ ਇੱਛਾ ਨੂੰ ਤੋੜਨਾ ਨਹੀਂ ਬਲਕਿ ਉਸ ਦੀ ਇੱਛਾ ਨੂੰ ਪੈਦਾ ਕਰਨਾ ਅਤੇ ਉਸ ਦਾ ਨਿਰਮਾਣ ਕਰਨਾ। ਉਹਨਾਂ ਦੇ ਅਨੁਸਾਰ ਸਵੈ-ਅਨੁਸ਼ਾਸਨ ਕੰਮ ਅਤੇ ਗਤੀਵਿਧੀਆਂ ਰਾਹੀਂ ਆਉਂਦਾ ਹੈ।

ਰਾਇਬਨ ਲਿਖਦੇ ਹਨ, ਅਨੁਸ਼ਾਸ਼ਨ ਵਿਚ ਦਿੱਤੀ ਗਈ ਆਜ਼ਾਦੀ ਨਾਲ ਹੋਣਾ ਚਾਹੀਦਾ ਹੈ। ਪੂਰਨ ਆਜ਼ਾਦੀ ਇਕ ਆਯੋਗ ਖੁਲ੍ਹ ਹੈ ਜਿਹੜੀ ਕਿ ਆਪਣੇ ਆਪ ਨੂੰ ਸੰਕਟ ਵਿਚ ਪਾਉਣ ਲਈ ਦਿੱਤੀ ਜਾ ਸਕਦੀ ਹੈ। ਇਹ ਆਪਣੇ ਆਪ ਨੂੰ ਖ਼ਤਮ ਕਰਨ ਵਾਲਾ ਅਧਿਕਾਰ ਹੈ। ਬਾਗਲੇ ਨੇ ਇਸ ਮੱਤੇ ਬਾਰੇ ਸਹੀ ਲਿਖਿਆ ਹੈ ਕਿ ਵਿਦਿਆਰਥੀ ਨਾ ਸਮਝ ਹੁੰਦਾ ਹੈ। ਅਤੇ ਉਸ ਨੂੰ ਇੰਨੀ ਲੰਬੀ ਰੱਸੀ ਨਹੀਂ ਦੇਣੀ ਚਾਹੀਦੀ ਕਿ ਉਹ ਉਸ ਨਾਲ ਆਪਣੇ ਆਪ ਨੂੰ ਫਾਂਸੀ ਲਗਾ ਦੇਵੇ।

ਬਹੁਤ ਜ਼ਿਆਦਾ ਆਜ਼ਾਦੀ ਅਨੁਸ਼ਾਸਨ ਨੂੰ ਨਕਾਰਾ ਬਣਾਏਗੀ ਪ੍ਰੰਤੂ ਅਨੁਸ਼ਾਸਨ ਬਣਾਉਣ ਲਈ ਆਜ਼ਾਦੀ ਨਾ ਦੇਣ ਨਾਲ ਵੀ ਮੰਤਵ ਪੂਰਾ ਨਹੀਂ ਹੁੰਦਾ। ਜਾਨ ਡਿਊਈ ਨੇ ਸਾਨੂੰ ਅਨੁਸ਼ਾਸਨ ਦਾ ਆਧੁਨਿਕ ਵਿਚਾਰ ਦਿੱਤਾ ਹੈ। ਉਸ ਨੇ ਕਿਹਾ ਕਿ ਅਨੁਸ਼ਾਸਨ ਸਮਾਜਿਕ ਹੋਣਾ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਕੁਦਰਤੀ ਮਨੋਵੇਗ ਨੂੰ ਸਕੂਲ ਦੀਆਂ ਸਹਿਕਾਰੀ ਗਤੀਵਿਧੀਆਂ ਰਾਹੀਂ ਵਿਕਸਿਤ ਕਰੇ। ਉਸ ਦੇ ਅਨੁਸਾਰ ਆਜ਼ਾਦੀ ਅਤੇ ਅਨੁਸ਼ਾਸਨ ਦਾ ਸੁਮੇਲ ਹੋਣਾ ਚਾਹੀਦਾ ਹੈ।

ਅਨੁਸ਼ਾਸਨ ਜਮਾਤ ਦੇ ਵਾਤਾਵਰਣ ਦੇ ਭਿੰਨ ਹੈ। ਅਸੀਂ ਅਨੁਸ਼ਾਸਨ ਨੂੰ ਜਮਾਤ ਵਿਚ ਪੜਾਉਣ ਵੇਲੇ ਅਤੇ ਸਕੂਲ ਦੀਆਂ ਹੋਰ ਗਤੀਵਿਧੀਆਂ ਵਿਚ ਜਿਵੇਂ ਬੱਚਾ ਵਿਚਾਰ ਕਰਦਾ ਹੈ, ਉਸ ਤਰ੍ਹਾਂ ਸਮਝ ਕੇ ਗਲਤੀ ਕਰਦੇ ਹਾਂ। ਠੀਕ ਵਿਹਾਰ ਕਰਨਾ ਹੀ ਚੰਗੇ ਅਨੁਸ਼ਾਸਨ ਦੀ ਨਿਸ਼ਾਨੀ ਹੈ। ਅਸਲ ਵਿਚ ਅਨੁਸ਼ਾਸਨ ਤਾਂ ਜ਼ਿੰਦਗੀ ਨੂੰ ਜਿਊਣ ਦਾ ਵਧੀਆ ਤਰੀਕਾ ਹੈ। ਜਿਹੜਾ ਕਿ ਆਸੇ ਪਾਸੇ ਹੋਰ ਸਾਰੀਆਂ ਗੱਲਾਂ ਨਾਲ ਸੁਮੇਲ ਰੱਖਦਾ ਹੋਵੇ। ਸਕੂਲ ਅਨੁਸ਼ਾਸਨ ਨੂੰ ਫੌਜ ਦੇ ਅਨੁਸ਼ਾਸਨ ਵਾਂਗ ਨਹੀਂ ਸਮਝਣਾ ਚਾਹੀਦਾ ਜਿਹੜਾ ਇਸ ਗੱਲ ਉਪਰ ਆਧਾਰਿਤ ਹੈ ਕਿ :

ਹੁਕਮ ਮੰਨਣਾ ਹੈ
ਕਾਰਨ ਨਹੀਂ ਪੁਛਣਾ
ਬੱਸ ਲੜਨਾ ਤੇ ਮਰਨਾ ਹੈ।

ਇਹ ਬਹੁਤ ਹੀ ਸੰਕੁਚਿਤ, ਅਨੁਚਿਤ ਅਤੇ ਬੇਜਾਨ ਅਨੁਸ਼ਾਸਨ ਹੈ ਜਿਸ ਨੂੰ ਕਿ ਸਕੂਲਾਂ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ। ਅਨੁਸ਼ਾਸਨ ਦਾ ਵਿਕਾਸ ਆਜ਼ਾਦ ਵਾਤਾਵਰਨ ਵਿੱਚ ਹੁੰਦਾ ਹੈ। ਆਜ਼ਾਦੀ ਦਾ ਮਤਲਬ ਕਿਸੇ ਇਕ ਵਿਅਕਤੀ ਲਈ ਜਾਂ ਇਕ ਸਮੂਹ ਲਈ ਨਹੀਂ ਹੈ। ਇਸ ਦਾ ਮਤਲਬ ਹੈ ਕਿ ਸਾਰਿਆਂ ਲਈ ਆਜ਼ਾਦੀ। ਇਸ ਲਈ ਇਸ ਗੱਲ ਦਾ ਖ਼ਿਆਲ ਰਖਣਾ ਚਾਹੀਦਾ ਹੈ ਕਿ ਇਕ ਵਿਅਕਤੀ ਨੂੰ ਦਿੱਤੀ ਗਈ ਆਜ਼ਾਦੀ ਹਮੇ ਸ਼ਾਂ ਹੀ ਸੰਯੋਜਕ ਹੁੰਦੀ ਹੈ ਅਤੇ ਕੁਝ ਰੋਕਾਂ ਅਤੇ ਸ਼ਰਤਾਂ ਨੂੰ ਅਨੁਪਾਤਿਕ ਪੱਧਰ ਤੇ ਮੰਨਦੀ ਹੈ। ਇਸ ਲਈ

ਅਨੁਸ਼ਾਸਨ ਅਤੇ ਆਜ਼ਾਦੀ ਨੂੰ ਇਕ ਦੂਜੇ ਦੇ ਵਿਰੋਧਕ ਮੰਨਣਾ ਗਲਤ ਹੋਵੇਗਾ ਇਹ ਇਕ ਸਿੱਕੇ ਦੇ ਦੋ ਪਾਸੇ ਹਨ। ਇਹ ਇਸ ਲਈ ਹੈ ਕਿ ਜਿਹੜਾ ਅਨੁਸ਼ਾਸਨ ਸਵੈ-ਇਛੁੱਕ ਹੈ ਉਹ ਆਜ਼ਾਦੀ ਦੇ ਬਰਾਬਰ ਹੈ। ਇਸ ਲਈ ਆਜ਼ਾਦੀ ਦਾ ਮਤਲਬ ਹੈ ਹਮੇਸ਼ਾਂ ਅਨੁਸ਼ਾਸਿਤ ਆਜ਼ਾਦੀ ਅਤੇ ਇਸ ਤਰ੍ਹਾਂ ਉਹ ਅਨੁਸ਼ਾਸਨ ਉਚ ਕੋਟੀ ਦਾ ਅਨੁਸ਼ਾਸਨ ਹੁੰਦਾ ਹੈ ਜਿਹੜਾ ਸਵਤੰਤਰ ਅਨੁਸ਼ਾਸਨ ਹੋਵੇ। ਇਸ ਲਈ ਚੰਗਾ ਅਨੁਸ਼ਾਸਨ ਹਮੇਸ਼ਾਂ ਹੀ ਸਵੈ-ਅਨੁਸ਼ਾਸਨ ਹੁੰਦਾ ਹੈ ਅਤੇ ਸਵੈ ਨਿਯੰਤਰਣ ਨੂੰ ਲਾਗੂ ਕਰਦਾ ਹੈ ਜਿਹੜਾ ਕਿ ਆਪੇ ਆਪ ਬਣਾਇਆ ਹੁੰਦਾ ਹੈ ਅਤੇ ਆਪਣੇ ਆਪ ਮੰਨਿਆ ਜਾਂਦਾ ਹੈ। ਇਸ ਲਈ ਵਧੀਆ ਅਤੇ ਅਨੁਸ਼ਾਸਿਤ ਨਾਗਰਿਕ ਉਹ ਹੈ ਜਿਹੜਾ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਕਾਨੂੰਨ ਮੰਨਦਾ ਹੈ ਇਸ ਲਈ ਨਹੀਂ ਕਿ ਇਹ ਬਾਹਰੋਂ ਠੋਸਿਆ ਜਾਵੇ ਪਰ ਇਸ ਲਈ ਕਿ ਉਹ ਇਸ ਤਰ੍ਹਾਂ ਦਾ ਪਾਲਣਾ ਕਰਨ ਮਿਲਣ ਵਾਲੀ ਚੰਗਿਆਈ ਨੂੰ ਮਾਨਤਾ ਦਿੰਦੀ ਹੈ।

3.4 **ਅਨੁਸ਼ਾਸਨਹੀਣਤਾ ਦੇ ਕਾਰਣ (Causes of Indiscipline)**: ਅਨੁਸ਼ਾਸਨਹੀਣਤਾ ਦਾ ਮਤਲਬ ਹੈ ਕਿ ਨਿਯੰਤਰਣ ਦੀ ਘਾਟ, ਨਿਯਮਾਂ ਦੀ ਉਲੰਘਣਾ ਜਾਂ ਢਿੱਲ ਜਾਂ ਸਮਾਜਿਕ ਢਾਚੇ ਦੀ ਤੋੜ ਫੋੜ ਜਾਂ ਦੁਰਵਿਵਹਾਰ। ਜੀਵਨ ਦੀ ਅਨੁਸ਼ਾਸਨਹੀਣਤਾ ਉਲਝਣ ਅਤੇ ਸੰਕਟ ਵੱਲ ਲੈ ਜਾਂਦੀ ਹੈ ਬਲਕਿ ਜੀਵਨ ਦੇ ਉਦੇਸ਼ ਜਾਂ ਮੰਤਵ ਨੂੰ ਪ੍ਰਾਪਤ ਕਰਨ ਵਿਚ ਨਾਕਾਮਯਾਬੀ ਦਾ ਸਬਬ ਬਣਦੀ ਹੈ। ਇਹ ਵਿਅਕਤੀ ਨੂੰ ਜੀਵਨ ਦੀਆਂ ਕਦਰਾਂ ਕੀਮਤਾਂ ਤੋਂ ਦੂਰ ਲੈ ਜਾਂਦੀ ਹੈ। ਜਿਹੜੀਆਂ ਕਿ ਉਸ ਲਈ ਅਤੇ ਸਮਾਜ ਲਈ ਬਹੁਤ ਜ਼ਿਆਦਾ ਉਪਯੋਗੀ ਹੁੰਦੀਆਂ ਹਨ। ਇਸ ਲਈ ਅਨੁਸ਼ਾਸਨਹੀਣਤਾ ਵਿਅਕਤੀ ਪ੍ਰਜਾਤੰਤਰਿਕ ਸਮਾਜਿਕ ਵਿਚ ਅਢੁੱਕਵਾਂ ਹੁੰਦਾ ਹੈ। ਉਸ ਦਾ ਕੋਈ ਸੰਤੁਲਿਤ ਜਾਂ ਸੰਗਠਿਤ ਸ਼ਖਸੀਅਤ ਨਹੀਂ ਹੁੰਦੀ।

ਵਿਦਿਆਰਥੀਆਂ ਵਿਚ ਅਸ਼ਾਂਤੀ ਅਤੇ ਅਨੁਸ਼ਾਸਨਹੀਣਤਾ ਦੇ ਕਈ ਕਾਰਣ ਹਨ। ਇਨ੍ਹਾਂ ਵਿਚੋਂ ਹੇਠ ਲਿਖੇ ਕਾਰਣ ਮਹੱਤਵਪੂਰਨ ਹਨ :

3.4.1 **ਵਿਅਕਤੀਗਤ ਕਾਰਣ** :

ਇਸ ਭਾਗ ਵਿੱਚ ਅਸੀਂ ਸਿਰਫ ਉਨ੍ਹਾਂ ਕਾਰਣਾਂ ਦਾ ਜ਼ਿਕਰ ਕਰਾਂਗੇ ਜਿਹੜੇ ਕਿ ਵਿਸ਼ੇਸ਼ ਤੌਰ ਤੇ ਵਿਦਿਆਰਥੀਆਂ ਦੀ ਸ਼ਖਸੀਅਤ ਨਾਲ ਸਬੰਧਿਤ ਹੋਣ, ਉਹ ਹਨ :—

(ੳ) **ਬੁਰੀਆਂ ਆਦਤਾਂ** : ਵਿਅਕਤੀਗਤ ਕਾਰਣ ਵਿਦਿਆਰਥੀ ਦੀ ਸ਼ਖਸੀਅਤ ਦੀ ਬਣਤਰ ਨਾਲ ਸਬੰਧ ਰੱਖਦੇ ਹਨ। ਵਿਦਿਆਰਥੀ ਪਰਿਵਾਰ ਵਿਚ ਵੱਡੇ ਮੈਂਬਰਾਂ ਦੁਆਰਾ ਦੁਰਵਿਵਹਾਰ ਅਤੇ ਸਕੂਲ ਵਿਚ ਅਧਿਆਪਕਾਂ ਦੁਆਰਾ ਬੇਦਰਦੀ ਵਾਲੇ ਵਰਤਾਓ ਦਾ ਸ਼ਿਕਾਰ ਹੋ ਜਾਂਦੇ ਹਨ। ਮਾੜੀ ਆਰਥਿਕ ਅਵਸਥਾ ਅਤੇ ਦੂਸ਼ਤ ਵਾਤਾਵਰਣ ਮਾੜੀਆਂ ਆਦਤਾਂ ਜਿਵੇਂ ਕਿ ਚੋਰੀ ਕਰਨਾ, ਗਾਲ੍ਹਾਂ ਕੱਢਣੀਆਂ, ਆਵਾਰਾਗਰਦੀ ਕਰਨਾ, ਬੁਰੇ ਸ਼ਬਦ ਬੋਲਣਾ, ਸਕੂਲ ਦੇ ਸਾਜੋ ਸਮਾਨ ਨੂੰ ਖਰਾਬ ਕਰਨਾ, ਕੰਧਾਂ ਤੇ ਬਲੈਕ ਬੋਰਡ ਉਤੇ ਭੈੜੇ ਸ਼ਬਦ ਲਿਖਣਾ, ਸਕੂਲ ਦੀ ਅਤੇ ਸਮਾਜ ਦੀ ਜਾਇਦਾਦ ਨੂੰ ਤੋੜਨਾ, ਬਿਨ੍ਹਾਂ ਟਿਕਟ ਸਫਰ ਕਰਨਾ, ਅਧਿਕਾਰੀਆਂ ਨਾਲ ਖਾਹਮਖਾਹ ਲੜਨਾ ਅਤੇ ਹੋਰ ਬਹੁਤ ਸਾਰੀਆਂ ਕਿਸਮ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਕਰਨਾ। ਇਨ੍ਹਾਂ ਅਨੁਸ਼ਾਸਨਹੀਣਤਾ ਦੀਆਂ ਉਦਾਹਰਣਾਂ ਤੋਂ ਇਲਾਵਾ ਨਵੀਂ ਪੀੜੀ ਦੇ ਬਹੁਤ ਸਾਰੇ ਨੌਜਵਾਨਾਂ ਵਿਚ ਖਲਬਲੀ ਅਤੇ ਵਿਰੋਧਤਾ ਪੈਦਾ ਕਰਦੀ ਹੈ ਅਤੇ ਸਭ ਤੋਂ ਮਾੜੀ ਗੱਲ ਇਹ ਹੈ ਕਿ ਮਾਪਿਆਂ ਨੇ, ਸਰਕਾਰ ਨੇ ਜਾਂ, ਸਮਾਜ ਨੇ ਹੁਣ ਤੱਕ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਅਮਲੀ ਤੌਰ ਤੇ ਕੁਝ ਨਹੀਂ ਕੀਤਾ।

(ਅ) **ਬੁੱਧੀਮਤਾ ਦੀ ਘਾਟ ਜਾਂ ਅਤਿ ਦੀ ਪ੍ਰਖਰਤਾ** : ਇਹ ਆਮ ਵੇਖਿਆ ਜਾਂਦਾ ਹੈ ਕਿ ਵਿਦਿਅਕ ਤੌਰ ਤੇ ਪਛੜੇ ਹੋਏ ਬੱਚੇ ਜਮਾਤ ਵਿਚ ਹਾਸੇ ਮਾਖੌਲ ਦਾ ਕੇਂਦਰ ਬਣ ਜਾਂਦੇ ਹਨ। ਉਨ੍ਹਾਂ ਦੀ ਸਿੱਖਣ ਦੀ ਕ੍ਰਿਆ ਵਿਚ ਆਉਣ ਵਾਲੀ ਅਸੀਂ ਮੁਸ਼ਕਲ ਨੂੰ ਸਮਝਣ ਦੀ ਬਜਾਏ ਅਧਿਆਪਕਾਂ ਦੁਆਰਾ ਵੀ ਉਨ੍ਹਾਂ ਨੂੰ ਦੁਰਕਾਰਿਆ ਜਾਂਦਾ ਹੈ। ਅਜਿਹੇ ਵਿਦਿਆਰਥੀ ਆਪਣੇ ਸਹਿਪਾਠੀਆਂ ਨਾਲ ਨਫ਼ਰਤ ਕਰਨ ਲੱਗ ਪੈਂਦੇ ਹਨ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਜਮਾਤ ਵਿਚ ਗੜਬੜ ਪੈਦਾ ਕਰਕੇ ਆਪ ਨੂੰ ਤਸੱਲੀ ਦੇ ਲੈਂਦੇ ਹਨ। ਦੂਜੇ ਪਾਸੇ ਉਹ ਵਿਦਿਆਰਥੀ ਜਿਹੜੇ ਦਿਮਾਗੀ ਤੌਰ ਤੇ ਬਹੁਤ ਹੁਸ਼ਿਆਰ ਹੁੰਦੇ ਹਨ, ਅਥਵਾ ਪ੍ਰਖਰ ਬੁੱਧੀ ਹੁੰਦੇ ਹਨ, ਅਧਿਆਪਕ ਦੀ ਸ਼ਕਤੀ ਨੂੰ ਨਹੀਂ ਮੰਨਦੇ ਅਤੇ ਬਿਨ੍ਹਾਂ ਪੁੱਛੇ ਜਮਾਤ

ਵਿਚੋਂ ਬਾਹਰ ਚਲੇ ਜਾਂਦੇ ਹਨ, ਇਸ ਤਰ੍ਹਾਂ ਸਾਰੀ ਜਮਾਤ ਦੇ ਵਾਤਾਵਰਣ ਨੂੰ ਭੰਗ ਕਰਦੇ ਹਨ। ਅਜਿਹੇ ਵਿਦਿਆਰਥੀਆਂ ਨੂੰ ਆਪਣੀ ਬੌਧਿਕ ਸ਼ਕਤੀ ਨੂੰ ਵਰਤਣ ਦਾ ਕੋਈ ਰਸਤਾ ਨਹੀਂ ਲੱਭਦਾ। ਇਹ ਦੋਨੋਂ ਪ੍ਰਕਾਰ ਦੇ ਵਿਦਿਆਰਥੀ ਆਮ ਤੌਰ ਤੇ ਜਮਾਤਾਂ ਵਿਚੋਂ ਗ਼ੈਰ ਹਾਜ਼ਰ ਰਹਿੰਦੇ ਹਨ ਅਤੇ ਅਨੁਸ਼ਾਸਨ ਭੰਗ ਕਰਦੇ ਹਨ।

(ੲ) **ਸਰੀਰਕ ਅਤੇ ਦਿਮਾਗੀ ਕੋਹਜੇ** : ਸਰੀਰਕ ਤੌਰ ਤੇ ਨੁਕਸ ਵਾਲੇ ਅਤੇ ਮੰਦਬੁੱਧੀ ਬੱਚੇ ਆਮ ਤੌਰ ਤੇ ਜਮਾਤਾਂ ਵਿਚੋਂ ਭੱਜ ਜਾਂਦੇ ਹਨ ਅਤੇ ਅਨੁਸ਼ਾਸਨਹੀਣ ਬਣ ਜਾਂਦੇ ਹਨ। ਜਮਾਤਾਂ ਤੋਂ ਭੱਜਣ ਵਾਲੇ ਇਹ ਤੇਜ਼ ਦਿਮਾਗ ਵਾਲੇ ਵਿਦਿਆਰਥੀਆਂ ਜਿਨ੍ਹਾਂ ਨੂੰ ਆਪਣੀ ਇਸ ਸ਼ਕਤੀ ਨੂੰ ਵਰਤਣ ਦਾ ਕੋਈ ਸਾਧਨ ਨਹੀਂ ਮਿਲਦਾ, ਵੀ ਹੁੰਦੇ ਹਨ। ਇਸੇ ਤਰ੍ਹਾਂ ਇਕ ਤਕੜਾ ਕੁਰੱਖਤ ਬੱਚਾ ਆਪਣੇ ਤੋਂ ਛੋਟੇ ਅਤੇ ਕਮਜ਼ੋਰ ਬੱਚੇ ਨੂੰ ਕੁੱਟਦਾ ਹੈ, ਗਾਲ੍ਹਾਂ ਜਾਂ ਭੈੜੇ ਸ਼ਬਦ ਬੋਲਦਾ ਹੈ। ਅਨੁਸ਼ਾਸਨਹੀਣਤਾ ਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਕਾਰਣ ਨਿਰਾਸ਼ਤਾ ਹੁੰਦੀ ਹੈ।

(ਸ) **ਅਲ੍ਹੜਪਣ ਦੀ ਤੂਫ਼ਾਨੀ ਉਮਰ** : ਅਲੜ੍ਹਪਣ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਸਭ ਤੋਂ ਜ਼ਿਆਦਾ ਤੂਫਾਨੀ ਸਮਾਂ ਹੁੰਦਾ ਹੈ। ਇਹ ਹੀ ਅਜਿਹਾ ਸਮਾਂ ਹੁੰਦਾ ਹੈ ਜਿਸ ਵਿਚ ਕੋਈ ਵਿਅਕਤੀ ਕੋਈ ਵੀ ਕੰਮ ਕਰਨ ਨੂੰ ਤਿਆਰ ਹੈ। ਚਾਹੇ ਉਹ ਮੂਰਖਾਂ ਵਾਲਾ ਜਾਂ ਸਿਆਣਿਆਂ ਵਾਲਾ, ਚੰਗਾ ਜਾਂ ਮੰਦਾ, ਨੈਤਿਕ ਜਾਂ ਅਨੈਤਿਕ ਹੋਵੇ ਇਸ ਅਵਸਥਾ ਵਿਚ ਵਿਅਕਤੀ ਨੂੰ ਆਪਣੀ ਸ਼ਕਤੀ ਦੀ ਸਦਵਰਤੋਂ ਕਰਨ ਲਈ ਤਰੀਕੇ ਪ੍ਰਦਾਨ ਕੀਤੇ ਜਾਣ ਅਤੇ ਉਸ ਨੂੰ ਸਹੀ ਦਿਸ਼ਾ ਅਤੇ ਨਿਰਦੇਸ਼ ਦਿੱਤਾ ਜਾਵੇ ਉਹ ਅਨੁਸ਼ਾਸਤ ਜੀਵਨ ਬਿਤਾਏਗਾ। ਦੂਜੇ ਪਾਸੇ ਉਹ ਦੁਰ-ਵਿਵਹਾਰ ਅਤੇ ਦੁਰਾਚਾਰੀ ਦੇ ਕੰਮਾਂ ਵਿਚ ਫਸੇਗਾ ਜਿਹੜਾ ਬਹੁਤ ਗੰਭੀਰ ਕਿਸਮ ਦੀ ਅਨੁਸ਼ਾਸਹੀਣਤਾ ਪੈਦਾ ਕਰਨਗੇ ਜੇਕਰ ਉਨ੍ਹਾਂ ਦੇ ਅੰਦਰ ਵੀ ਵਾਧੂ ਸ਼ਕਤੀ ਨੂੰ ਸਹੀ ਸੇਧ ਨਹੀਂ ਦਿੱਤੀ ਜਾਂਦੀ।

**3.4.2 ਮਨੋਵਿਗਿਆਨਕ ਕਾਰਣ:**

ਵਿਦਿਆਰਥੀਆਂ ਦੁਆਰਾ ਪੈਦਾ ਕੀਤੀਆਂ ਹੋਈਆਂ ਬਹੁਤ ਸਾਰੀਆਂ ਸਮੱਸਿਆਵਾਂ ਮਨੋਵਿਗਿਆਨਕ ਕਾਰਣਾਂ ਕਰਕੇ ਹੁੰਦੀਆਂ ਹਨ, ਸਕੂਲ ਵਿਚ ਅਨੁਸ਼ਾਸਨਹੀਣਤਾ ਦੇ ਮਨੋਵਿਗਿਆਨਕ ਕਾਰਣ ਇਸ ਪ੍ਰਕਾਰ ਹਨ :

(ੳ) **ਵਿਦਿਆਰਥੀਆਂ ਦੀਆਂ ਮੂਲ ਪ੍ਰਵਿਰਤੀਆਂ ਦਾ ਦਬਾਓ** : ਜੇਕਰ ਵਿਦਿਆਰਥੀਆਂ ਦੀਆਂ ਮੂਲ ਪ੍ਰਵਿਰਤੀਆਂ ਤੇ ਰੁਚੀਆਂ ਨੂੰ ਦਬਾਇਆ ਜਾਵੇ ਤਾਂ ਉਹ ਇਸ ਪ੍ਰਕਾਰ ਦੇ ਦਬਾਓ ਦਾ ਵਿਰੋਧ ਲਾਜ਼ਮੀ ਕਰਨਗੇ। ਇਕ ਵਿਦਿਆਰਥੀ ਆਪਣੀ ਸਵੈ-ਹੋਂਦ ਰਚਨਾਤਮਕ ਅਤੇ ਜਿਗਿਆਸਾ ਦੀਆਂ ਮੂਲ ਪ੍ਰਵਿਰਤੀਆਂ ਦੇ ਦਬਾਓ ਦੀ ਕਦੇ ਵੀ ਇਜ਼ਾਜਤ ਨਹੀਂ ਦੇਵੇਗਾ। ਸਖਤ ਨਿਯਤ ਤੇ ਕਾਨੂੰਨ, ਬਹੁਤ ਸਾਰੀਆਂ ਪ੍ਰਕਰਨਾ (do) ਅਤੇ ਪ੍ਰਨਹੀ (Donts) ਕਰਨਾ ਪ੍ਰਵਾਨਤ ਵਿਵਹਾਰ ਤੋਂ ਥੋੜ੍ਹਾਂ ਜਿਹਾ ਵੀ ਇਧਰ ਉਧਰ ਹੋਣਾ, ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਘਾਟ, ਅਧਿਕਾਰੀਆਂ ਵਲੋਂ ਉਨ੍ਹਾਂ ਦੇ ਵਾਜਬ ਸ਼ਿਕਵਿਆਂ ਬਾਰੇ ਸੁਨਣ ਤੋਂ ਨਾ ਕਰਨਾ ਅਤੇ ਸਖਤ ਅਨੁਸ਼ਾਸਨ ਨੂੰ ਲਾਗੂ ਕਰਨਾ ਅਤੇ ਖੇਡ ਦੇ ਮੈਦਾਨ ਵਿਚ ਵੀ ਸਖਤ ਅਨਸ਼ਾਸਨ ਥੋਪਣਾ ਵਿਦਿਆਰਥੀਆਂ ਨੂੰ ਅਨੁਸ਼ਾਸਨਹੀਣਤਾ ਅਤੇ ਦੁਰ-ਵਿਵਹਾਰ ਵੱਲ ਲੈ ਜਾਂਦਾ ਹੈ। ਉਨ੍ਹਾਂ ਉਤੇ ਦਬਾਓ ਉਨ੍ਹਾਂ ਨੂੰ ਵਿਦਰੋਹ ਲਈ ਪ੍ਰੇਰਿਤ ਕਰਦਾ ਹੈ।

(ਅ) **ਮਾਪਿਆਂ ਅਤੇ ਅਧਿਆਪਕਾਂ ਦੀ ਕਮਜ਼ੋਰੀ** : ਕਈ ਮਾਪੇ ਅਤੇ ਅਧਿਆਪਕ ਕੁਦਰਤੀ ਤੌਰ ਤੇ ਬੜੇ ਨਰਮ ਖਿਆਲਾਂ ਵਾਲੇ ਹੁੰਦੇ ਹਨ। ਉਹ ਆਪਣੇ ਬੱਚਿਆਂ ਨੂੰ ਜੋ ਮਰਜ਼ੀ ਉਹ ਚਾਹੁਣ ਕਰਨ ਦੀ ਆਜ਼ਾਦੀ ਦੇ ਦਿੰਦੇ ਹਨ। ਇਹ ਬਿਨਾਂ ਨਿਯੰਤਰਣ ਵਾਲਾ ਤੱਤ ਵਿਦਿਆਰਥੀਆਂ ਨੂੰ ਅਨਿਯਮਿਤ ਅਤੇ ਅਨੁਸ਼ਾਸਨਹੀਣ ਬਣਾ ਦਿੰਦਾ ਹੈ। ਕਿਉਂਕਿ ਅਜਿਹੇ ਵਿਦਿਆਰਥੀ ਦਲ ਦੇ ਆਗੂਆਂ ਦੁਆਰਾ ਗੁਮਰਾਹ ਕਰ ਲਏ ਜਾਂਦੇ ਹਨ। ਕਈ ਵਿਦਿਆਰਥੀ ਆਮ ਤੌਰ ਤੇ ਆਪਣੇ ਅਧਿਆਪਕਾਂ ਦੀ ਨਰਮੀ ਦਾ ਨਜ਼ਾਇਜ਼ ਫਾਇਦਾ ਉਠਾ ਕੇ ਸਿਰਫ ਮੌਜ ਮੇਲਾ ਅਤੇ ਅਨੰਦ ਲਈ ਅਨੁਸ਼ਾਸਨਹੀਣ ਹੋ ਜਾਂਦੇ ਹਨ। ਜੇਕਰ ਇਸ ਬੁਰਾਈ ਨੂੰ ਸ਼ੁਰੂ ਵਿੱਚ ਹੀ ਨਾ ਦਬਾਇਆ ਜਾਵੇ ਤਾਂ ਇਹ ਜਾਣ ਬੁਝ ਕੇ ਸ਼ਰਾਰਤ

ਕਰਨਾ ਅਤੇ ਅਨੁਸ਼ਾਸਨਹੀਣਤਾ ਵੱਲ ਵਧਦੀ ਹੈ।

(ੲ) **ਅਮਨੋਵਿਗਿਆਨਕ ਢੰਗ** : ਅਨੁਸ਼ਾਸਨਹੀਣਤਾ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਧਿਆਪਕਾਂ ਦੁਆਰਾ ਮਨੋਵਿਗਿਆਨਕ ਢੰਗਾਂ ਕਾਰਣ ਹੁੰਦੀਆਂ ਹਨ। ਜੇਕਰ ਕਿਸੇ ਅਧਿਆਪਕ ਦੇ ਆਪਣੇ ਵਿਚ ਸਬਰ ਅਤੇ ਸਵੈ-ਨਿਯੰਤਰਣ ਨਹੀਂ ਹੈ, ਅਤੇ ਉਹ ਵਿਦਿਆਰਥੀਆਂ ਨੂੰ ਮਿੱਤਰਤਾ ਅਤੇ ਹਮਦਰਦੀ ਨਹੀਂ ਦਿੰਦਾ ਤਾਂ ਉਹ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਕਾਮਯਾਬੀ ਨਾਲ ਕਿਵੇਂ ਨਜਿੱਠ ਸਕਦਾ ਹੈ। ਅਧਿਆਪਕ ਦੁਆਰਾ ਗਲਤ ਢੰਗ ਅਪਨਾਉਣਾ ਹੀ ਵਿਦਿਆਰਥੀ ਵਲੋਂ ਗ਼ੈਰ ਜ਼ਿੰਮੇਵਾਰ ਗਤੀਵਿਧੀਆਂ ਨੂੰ ਕਰਨਾ ਹੈ। ਅਧਿਕਾਰੀ ਮਨੋਵਿਗਿਆਨਕ ਮਾਰਗ ਦਰਸ਼ਨ ਲਈ ਵੀ ਕੋਈ ਮੌਕਾ ਪ੍ਰਦਾਨ ਨਹੀਂ ਕਰਦੇ। ਅਧਿਆਪਕ ਨੂੰ ਵਿਦਿਆਰਥੀਆਂ ਨਾਲ ਸੁਚੇਤ ਅਤੇ ਚਲਾਕੀ ਨਾਲ ਵਰਤਣਾ ਚਾਹੀਦਾ ਹੈ। ਉਨ੍ਹਾਂ ਨੂੰ ਵਿਦਿਆਰਥੀਆਂ ਲਈ ਨਾ ਹੀ ਬਹੁਤ ਜ਼ਿਆਦਾ ਆਜ਼ਾਦੀ ਦੇਣੀ ਚਾਹੀਦੀ ਹੈ ਅਤੇ ਨਾ ਹੀ ਇਸ ਤੋਂ ਬਿਲਕੁਲ ਇਨਕਾਰੀ ਹੋਣਾ ਚਾਹੀਦਾ ਹੈ।

(ਸ) **ਦੋਹਰੇ ਆਦਰਸ਼ਾਂ ਦੁਆਰਾ ਉਲਝਣ** : ਨੌਜਵਾਨ ਇਹ ਵੇਖਦਾ ਹੈ ਕਿ ਉਸ ਦੇ ਪਰਿਵਾਰ ਦੇ ਵੱਡੇ ਮੈਂਬਰ ਆਪਣੇ ਵਰਤਾਓ ਵਿਚ ਦੋ ਪਾਤਰੀ ਮਾਪਦੰਡ ਰਖਦੇ ਹਨ। ਉਹ ਉਸ ਨੂੰ ਨਿਯਮਾਂ ਅਤੇ ਕਾਨੂੰਨਾਂ ਦਾ ਆਗਿਆਕਾਰੀ ਹੋਣ ਦਾ ਉਪਦੇਸ਼ ਦਿੰਦੇ ਹਨ। ਪ੍ਰੰਤੂ ਜਿਸ ਦੁਨੀਆਂ ਵਿਚ ਉਹ ਰਹਿੰਦਾ ਹੈ ਉਸ ਵਿਚ ਉਸ ਨੂੰ ਕਾਨੂੰਨਾਂ ਦੀ ਉਲੰਘਣਾ ਅਤੇ ਦੁਰ-ਵਰਤੋਂ ਦੇ ਬਹੁਤ ਸਾਰੇ ਦ੍ਰਿਸ਼ਟਾਂਤ ਵੇਖਣ ਨੂੰ ਮਿਲਦੇ ਹਨ। ਉਸ ਨੂੰ ਵਫਾਦਾਰ ਅਤੇ ਇਮਾਨਦਾਰ ਬਨਣ ਲਈ ਕਿਹਾ ਜਾਂਦਾ ਹੈ। ਪ੍ਰੰਤੂ ਉਹ ਜ਼ਿਆਦਾ ਬਦ-ਇਖ਼ਲਾਖੀ ਅਤੇ ਬੇਇਮਾਨੀ ਵੇਖਦਾ ਹੈ। ਉਸ ਨੂੰ ਆਪਣੇ ਵਿਵਹਾਰ ਵਿਚ ਸੱਚਾ ਸੱਚਾ ਹੋਣਾ ਸਿਖਾਇਆ ਜਾਂਦਾ ਹੈ। ਪ੍ਰੰਤੂ ਉਹ ਲੋਕਾਂ ਨੂੰ ਘਟੀਆ ਤਰੀਕੇ ਨਾਲ ਦੌਲਤ ਇਕੱਠੀ ਕਰਦੇ ਹੋਏ ਵੇਖਦਾ ਹੈ। ਉਹ ਕਦਮ ਚੁੱਕਣ ਲਈ ਮਜ਼ਬੂਰ ਹੋ ਜਾਂਦਾ ਹੈ ਜਿਹੜੇ ਕਿ ਮੌਜੂਦਾ ਨਿਯਮ ਅਤੇ ਕਾਨੂੰਨਾਂ ਦੇ ਉਲਟ ਹੁੰਦੇ ਹਨ।

3.4.3 **ਸਮਾਜਿਕ ਕਾਰਨ** :

ਇਕ ਹੋਰ ਮਹੱਤਵਪੂਰਨ ਕਾਰਣ ਸਮਾਜ ਨਾਲ ਸਬੰਧਤ ਹੈ, ਜਿਹੜਾ ਕਿ ਕਿਸੇ ਵਿਅਕਤੀ ਦੇ ਚਾਲ-ਚਲਣ ਨੂੰ ਢਾਲਣ ਲਈ ਬਹੁਤ ਮਹੱਤਵਪੂਰਨ ਯੋਗਦਾਨ ਅਦਾ ਕਰਦਾ ਹੈ ਅਤੇ ਸਮਾਜ ਵਿਚ ਸ਼ਾਂਤੀ ਅਤੇ ਅਮਨ ਕਾਨੂੰਨ ਬਣਾਉਣ ਵਿੱਚ ਸਹਾਈ ਹੁੰਦਾ ਹੈ। ਸਮਾਜ ਦੇ ਨਾਲ ਸੰਬੰਧਿਤ ਅਨੁਸ਼ਾਸਨਹੀਣਤਾ ਦੇ ਕਾਰਣ ਇਸ ਪ੍ਰਕਾਰ ਹਨ :-

(ੳ) **ਸਮਾਜਿਕ ਬੁਰਾਈਆਂ** : ਸਮਾਜਿਕ ਬੁਰਾਈਆਂ ਜਿਵੇਂ ਕਿ ਸੰਕੁਚਿਤ ਖੇਤਰੀ ਵਫਾਦਾਰੀ, ਫਿਰਕੂ ਭਾਵਨਾਵਾਂ ਅਤੇ ਜਾਤ ਪਾਤ ਆਦਿ ਨੌਜਵਾਨਾਂ ਦੇ ਦਿਮਾਗ ਤੋਂ ਉਲਟਾ ਅਸਰ ਪਾਉਂਦੀਆਂ ਹਨ। ਸਮਾਜ ਵਿਚ ਵਿਅਕਤੀ ਦੇ ਦਰਜੇ ਦਾ ਮੁੱਖ ਮਾਪ ਦੰਡ ਪੈਸਾ ਬਣ ਗਿਆ ਹੈ। ਇਸ ਲਈ ਮੁਦਰਾ ਦਾ ਵਾਧਾ ਜ਼ਰੂਰੀ ਅਵਸਣਾਂ ਦੀਆਂ ਹੱਦੋਂ ਵੱਧ ਕੀਮਤਾਂ ਬੇਰੁਜ਼ਗਾਰੀ ਅਤੇ ਦੌਲਤ ਦੇ ਮੀਲ ਪੱਥਰ ਹਨ। ਹੋਰ ਬੁਰਾਈਆਂ ਜਿਵੇਂ ਕਿ ਚੋਰ ਬਾਜ਼ਾਰੀ, ਰਿਸ਼ਵਤ-ਖੋਰੀ, ਮਿਲਾਵਟ ਕਰਨਾ, ਠੱਗੀ ਮਾਰਨਾ ਅਤੇ ਜਮ੍ਹਾਂ ਖੋਰੀ ਆਦਿ ਸਾਡੇ ਸਮਾਜ ਦੇ ਅੰਦਰ ਬਹੁਤ ਡੂੰਘਾ ਉਤਰ ਚੁੱਕੇ ਹਨ। ਘਟੀਆ ਚਲ-ਚਿੱਤਰ ਅਤੇ ਘਟੀਆ ਸਾਹਿਤ ਵੀ ਬੱਚਿਆਂ ਨੂੰ ਗਲਤ ਰਸਤਿਆਂ ਵੱਲ, ਅਨੈਤਿਕ ਵਿਹਾਰ ਅਤੇ ਘਟੀਆ ਚਾਲ ਚਲਣ ਬਾਰੇ ਪ੍ਰੇਰਦਾ ਹੈ। ਸਾਡੇ ਸਮਾਜ ਦੀਆਂ ਸਾਰੀਆਂ ਅਜਿਹੀਆਂ ਬੁਰਾਈਆਂ ਵਿਦਿਆਰਥੀਆਂ ਵਿਚ ਵੱਧ ਰਹੀ ਅਨੁਸ਼ਾਸਨਹੀਣਤਾ ਲਈ ਜ਼ਿੰਮੇਵਾਰ ਹਨ।

(ਅ) **ਘਰੇਲੂ ਵਾਤਾਵਰਣ** : ਘਰੇਲੂ ਵਾਤਾਵਰਣ ਬੱਚੇ ਦੇ ਜੀਵਨ ਦਾ ਨੀਂਹ ਪੱਥਰ ਹੁੰਦਾ ਹੈ। ਜੇਕਰ ਘਰ ਬੱਚੇ ਨੂੰ ਵਧੀਆ ਸਰੀਰਕ, ਜਜ਼ਬਾਤੀ, ਬੌਧਿਕ ਅਤੇ ਅਧਿਆਤਮਕ ਵਿਕਾਸ ਕਰਨ ਵਿਚ ਨਾ ਕਾਮਯਾਬ ਹੁੰਦਾ ਹੈ। ਤਾਂ ਬੱਚਾ ਇਤਰਾਜ਼ਯੋਗ ਵਿਵਹਾਰ ਵੱਲ ਜਾਏਗਾ ਹੀ। ਇਕ ਟੁੱਟਿਆ ਹੋਇਆ ਪਰਿਵਾਰ ਆਮ ਤੌਰ ਤੇ ਬੱਚਿਆਂ ਲਈ ਬਹੁਤ ਸਾਰੀਆਂ ਵਿਵਹਾਰਕ ਅਤੇ ਸਮਝੌਤੇ ਸਬੰਧੀ ਸਮੱਸਿਆਵਾਂ ਪੈਦਾ ਕਰਦਾ ਹੈ। ਘਰ ਦੇ ਵਿਚ ਗਰੀਬੀ ਕਈ ਪ੍ਰਕਾਰ ਦੀਆਂ ਤਰੁੱਟੀਆਂ ਅਤੇ ਹੀਣਤਾ ਦੀ ਭਾਵਨਾ ਪੈਦਾ

ਕਰਦੀ ਹੈ। ਮਾਪਿਆਂ ਦੀ ਵਿਦਿਅਕ ਘਾਟ ਇਕ ਬਹੁਤ ਵੱਡਾ ਕਾਰਣ ਹੈ। ਅਨਪੜ੍ਹ ਅਤੇ ਅਗਿਆਨੀ ਮਾਪੇ ਬੱਚਿਆਂ ਦੀ ਸਿਖਲਾਈ ਅਤੇ ਸਿੱਖਿਆ ਲਈ ਯੋਗ ਪ੍ਰਬੰਧ ਨਹੀਂ ਕਰ ਸਕਦੇ। ਰੱਜੇ ਪੁੱਜੇ ਪਰਿਵਾਰਾਂ ਵਿਚ ਬੱਚੇ ਸਿਖਿਆ ਦੀ ਮਹੱਤਤਾ ਨੂੰ ਮਹਿਸੂਸ ਨਹੀਂ ਕਰਦੇ ਅਤੇ ਮਾਪੇ ਵੀ ਸਿਖਿਆ ਉਤੇ ਲੋੜ ਮੁਤਾਬਿਕ ਬਲ ਨਹੀਂ ਦਿੰਦੇ। ਅਜਿਹੇ ਪਰਿਵਾਰਾਂ ਦੇ ਬੱਚੇ ਅਧਿਆਪਕਾਂ ਅਤੇ ਵਿਦਿਆ ਨੂੰ ਕੋਈ ਮਾਣ ਨਹੀਂ ਦਿੰਦੇ। ਭਾਰਤ ਵਿਚ ਬਹੁਤ ਸਾਰੇ ਮਾਪੇ ਇਸ ਅਵਸਥਾ ਵਿਚ ਨਹੀਂ ਹਨ ਕਿ ਉਹ ਆਪਣੇ ਬੱਚਿਆਂ ਦੇ ਵਿਕਾਸ ਲਈ ਸਕੂਲ ਅਤੇ ਅਧਿਆਪਕਾਂ ਨੂੰ ਸਹਿਯੋਗ ਦੇ ਸਕਣ।

(ੲ) **ਸਮਾਜ ਦੀ ਅਸ਼ਾਂਤ ਅਵਸਥਾ** : ਸਾਡਾ ਸਮਾਜ ਕਾਫੀ ਲੰਬੇ ਅਰਸੇ ਤੱਕ ਵਿਦੇਸ਼ੀ ਪ੍ਰਭਾਵ ਥੱਲੇ ਰਿਹਾ ਹੈ। ਭਿੰਨ-ਭਿੰਨ ਰਾਜਿਆਂ ਦੇ ਆਪਣੇ ਹੀ ਭਿੰਨ-ਭਿੰਨ ਵਿਚਾਰ ਸਨ ਅਤੇ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਰਾਜ ਕੀਤਾ ਅਤੇ ਉਨ੍ਹਾਂ ਨੇ ਲੋਕਾਂ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਰਾਜ ਕੀਤਾ। ਜਿਸ ਦੀ ਲਾਠੀ ਉਸ ਦੀ ਭੈਂਸ ਵਾਲੀ ਗੱਲ ਸੀ ਅਤੇ ਸਮਾਜਿਕ ਜੀਵਨ ਇਕ ਤਰੀਕੇ ਨਾਲ ਅਸ਼ਾਂਤ ਅਤੇ ਬੇਤਰਤੀਬਾ ਹੀ ਰਿਹਾ। ਸਿਰਫ ਅੰਗਰੇਜ਼ਾਂ ਦੇ ਰਾਜ ਵਿਚ ਹੀ ਨਹੀਂ, ਬਲਕਿ ਅੱਜ ਦੀ ਫਿਰਕੂ ਤਨਾਓ, ਪਾਰਟੀਆਂ ਵਿਚ ਮੱਤਭੇਦ ਧਾਰਮਿਕ ਕੱਟੜਤਾ, ਰਾਜਨੀਤਕ ਵਿਦਰੋਹ ਅਤੇ ਆਰਥਿਕ ਉਤਾਰ ਚੜ੍ਹਾਹ ਆਮ ਤੌਰ ਤੇ ਪੂਰੇ ਗੜਬੜੀਆਂ ਦੁਆਰਾ ਪ੍ਰਭਾਵਿਤ ਹੁੰਦੇ ਹਨ। ਇਹ ਸਾਰੇ ਸਮਾਜਿਕ ਉਥਲ-ਪੁਥਲ ਅਤੇ ਅਸ਼ਾਂਤੀ ਕਾਰਣ ਨਵੀਂ ਪੀੜ੍ਹੀ ਤੋਂ ਅਨੁਸ਼ਾਸਿਤ ਅਤੇ ਸ਼ਾਂਤੀ ਪੂਰਵਕ ਰਹਿਣ ਦੀ ਆਸ ਨਹੀਂ ਰੱਖੀ ਜਾ ਸਕਦੀ। ਸੁਭਾਵਕ ਹੈ ਕਿ ਇਹ ਵਿਦਿਆਰਥੀਆਂ ਵਿਚ ਵੀ ਅਨੁਸ਼ਾਸਨਹੀਣਤਾ ਪੈਦਾ ਕਰੇਗੀ।

(ਸ) **ਸਮਾਜਿਕ ਪ੍ਰਤੀਬੰਧ** : ਸਮਾਜਿਕ ਪ੍ਰਤੀਬੰਧ ਬਿਨਾਂ ਲੋੜ ਤੋਂ ਬੱਚਿਆਂ ਉਤੇ ਦਬਾਓ ਪਾਉਂਦੇ ਹਨ ਜਿਹੜੇ ਕਿ ਅਣਚਾਹੇ ਢੰਗ ਨਾਲ ਵਰਤਾਉ ਕਰਦੇ ਹਨ। ਜਦੋਂ ਤੱਕ ਲੜਕੇ ਲੜਕੀਆਂ ਉਤੇ ਨਜ਼ਦੀਕ ਆਉਣ ਬਾਰੇ ਪਾਬੰਦੀ ਹੋਵੇਗੀ, ਉਦੋਂ ਤੱਕ ਉਹ ਇਕ ਦੂਸਰੇ ਵਲ ਸੂਰਮਤਾ ਨਾਲ ਵਰਤਾਓ ਕਰਨਾ ਨਹੀਂ ਸਿੱਖ ਸਕਦੇ। ਜਦੋਂ ਆਮ ਕਰਕੇ ਆਜ਼ਾਦੀ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ ਤਾਂ ਉਹ ਆਪਣੀ ਹੋਂਦ ਨੂੰ ਦਰਸਾਉਂਦੇ ਹਨ ਅਤੇ ਵਾਦ ਵਿਵਾਦ ਵਿਚ ਪੈਣ ਦੇ ਨਿੱਜੀ ਤੌਰ ਤੇ ਗੈਰ ਬੰਦਸ਼ ਆਜ਼ਾਦੀ ਨੂੰ ਮਾਣਦੇ ਹਨ। ਉਹ ਇਹ ਗਲਤ ਧਾਰਣਾ ਬਣਾ ਲੈਂਦੇ ਹਨ ਕਿ ਇਸ ਤਰ੍ਹਾਂ ਦੀਆਂ ਸਮਾਜਿਕ ਪਾਬੰਦੀਆਂ ਵੱਡਿਆਂ ਦੁਆਰਾ ਸਿਰਫ ਇਸ ਲਈ ਬਣਾਈਆਂ ਗਈਆਂ ਕਿ ਬੱਚਿਆਂ ਨੂੰ ਦਬਾ ਕੇ ਰੱਖ ਸਕਣ।

**3.4.4 ਰਾਜਨੀਤਕ ਕਾਰਣ** :

ਰਾਜਨੀਤੀ ਅੱਜ ਕੱਲ ਸਾਡੇ ਜੀਵਨ ਦੇ ਹਰ ਪੱਖ ਨਾਲ ਜੁੜ ਗਈ ਹੈ। ਇਹ ਸਕੂਲ ਅਨੁਸ਼ਾਸਨ ਸਮੇਤ ਹਰ ਇਕ ਗਤੀਵਿਧੀ ਨੂੰ ਚੰਗੇ ਲਈ ਜਾਂ ਬੁਰੇ ਲਈ ਪ੍ਰਭਾਵਿਤ ਕਰਦੀ ਹੈ। ਰਾਜਨੀਤੀ ਨਾਲ ਜੁੜੇ ਅਨੁਸ਼ਾਸਨਹੀਣਤਾ ਦੇ ਕਾਰਨ ਇਸ ਪ੍ਰਕਾਰ ਹਨ।

(ੳ) **ਆਜ਼ਾਦੀ ਦੀ ਗਲਤ ਧਾਰਣਾ** : ਸਾਡੀ ਆਜ਼ਾਦੀ ਲਈ ਸੰਘਰਸ਼ ਵਿਚ ਵਿਅਕਤੀਆਂ ਨੇ ਆਪਣੀ ਪੜ੍ਹਾਈ ਛੱਡ ਕੇ ਵੀ ਭਾਗ ਲਿਆ, ਦੀ ਧਾਰਨਾ ਨੂੰ ਲੈ ਕੇ ਵਿਦਿਆਰਥੀ ਵਰਗ ਇਹ ਧਾਰਨਾ ਬਣਾਈ ਬੈਠਾ ਹੈ ਕਿ ਉਹਨਾਂ ਨੂੰ ਹਰ ਇਕ ਰਾਜਨੀਤਿਕ ਕਾਰਵਾਈ ਵਿਚ ਅੱਗੇ ਹੋਣਾ ਚਾਹੀਦਾ ਹੈ। ਅਧਿਕਾਰੀਆਂ ਅਤੇ ਸਰਕਾਰ ਦੀ ਨਾ ਫਰਮਾਨੀ ਆਜ਼ਾਦੀ ਦੀ ਪ੍ਰਾਪਤੀ ਤੋਂ ਮਗਰੋਂ ਵੀ ਸਰਕਾਰ ਅਤੇ ਅਧਿਕਾਰੀਆਂ ਦੀ ਨਾ ਫੁਰਮਾਨੀ ਆਜ਼ਾਦੀ ਲਈ ਸੰਘਰਸ਼ ਦੇ ਦਿਨਾਂ ਵਿਚ ਬਹੁਤ ਉਚਿਤ ਸੀ ਪਰੰਤੂ ਆਜ਼ਾਦੀ ਦੀ ਪ੍ਰਾਪਤੀ ਤੋਂ ਮਗਰੋਂ ਵੀ ਸਰਕਾਰ ਅਤੇ ਅਧਿਕਾਰੀਆਂ ਦੀ ਨਾ ਫਰਮਾਨੀ ਕਰਨਾ ਵਿਦਿਆਰਥੀਆਂ ਲਈ ਗਲਤ ਹੈ। ਆਜ਼ਾਦੀ ਦੇ ਮਤਲਬ ਸਵੈ-ਨਿਯੰਤਰਣ, ਸਵੈ-ਅਨੁਸ਼ਾਸਨ, ਸਵੈ-ਰੋਕਾ ਅਤੇ ਸਵੈ-ਤਿਆਗ ਹੈ। ਆਜ਼ਾਦੀ ਕੋਈ ਖੁੱਲ ਨਹੀਂ ਹੈ ਬਲਕਿ ਜ਼ਿੰਮੇਵਾਰੀ ਹੈ। ਜੇਕਰ ਵਿਦਿਆਰਥੀ ਇਹ ਸੋਚਦੇ ਹੋਣ ਕਿ ਆਜ਼ਾਦੀ ਉਹਨਾਂ ਨੂੰ ਕੋਈ ਵੀ ਕੰਮ ਕਰਨ, ਕੋਈ ਵੀ ਮੰਗ ਕਰਨ ਆਪਦੀ ਮਰਜ਼ੀ ਮੁਤਾਬਿਕ ਸੰਘਰਸ਼ ਛੇੜਣ ਅਤੇ ਅਧਿਕਾਰੀਆਂ ਦੁਆਰਾ ਬਣਾਏ ਗਏ ਨਿਯਮਾਂ ਦਾ ਉਲੰਘਣ ਕਰਨ ਦਾ ਅਧਿਕਾਰ ਦਿੰਦੀ ਹੈ ਤਾਂ ਇਹ ਉਨ੍ਹਾਂ ਲਈ ਬਿਲਕੁਲ ਗਲਤ ਹੈ। ਆਜ਼ਾਦੀ ਬਾਰੇ ਇਹ

ਗਲਤ ਧਾਰਣਾ ਉਹਨਾਂ ਨੂੰ ਖੁਲ੍ਹ ਦਿੰਦੀ ਹੈ ਅਤੇ ਕਿਸੇ ਪ੍ਰਕਾਰ ਦੀ ਰੋਕ ਜਾਂ ਬੰਦਸ਼ ਤੋਂ ਬਗੈਰ ਸਮੂਹ ਅਨੁਸ਼ਾਸਨ ਲਈ ਗੰਭੀਰ ਸਮੱਸਿਆ ਪੈਦਾ ਕਰਦੀ ਹੈ।

(ਅ) **ਰਾਜਨੀਤਿਕ ਦਲਾਂ ਦੁਆਰਾ ਸ਼ੋਸ਼ਨ** : ਰਾਜਨੀਤਕ ਦਲ ਆਪਣੇ ਸੌੜੇ ਹਿੱਤਾਂ ਲਈ ਵਿਦਿਆਰਥੀ ਵਰਗ ਦਾ ਸ਼ੋਸਨ ਕਰ ਰਹੇ ਹਨ। ਆਪਣੀਆਂ ਰੁਚੀਆਂ ਨੂੰ ਚਲਾਉਣ ਲਈ ਰਾਜਨੀਤਿਕ ਦਲਾਂ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਫਿਰਕੂ ਅਤੇ ਭਾਸ਼ਾਈ ਦੰਗਿਆਂ ਵੱਲ ਉਕਸਾਇਆ ਹੈ। ਵਿਦਿਆਰਥੀ ਜਨਤਕ ਜਾਇਦਾਦ ਦਾ ਨੁਕਸਾਨ ਅਤੇ ਬੱਸਾਂ ਆਦਿ ਸਾੜਦੇ ਪਾਏ ਜਾਂਦੇ ਹਨ। ਚੋਣਾਂ ਦੇ ਸਮੇਂ ਰਾਜਨੀਤਿਕ ਦਲ ਆਪਣੇ ਹੱਕ ਵਿਚ ਪ੍ਰਚਾਰ ਕਰਨ ਲਈ ਵਿਦਿਆਰਥੀਆਂ ਦੀ ਮਦਦ ਲੈਂਦੇ ਹਨ। ਇਸ ਲਈ ਇਹ ਇਰਾਦੇ ਰੱਖਣ ਵਾਲੇ ਗਲਤ ਆਚਰਣ ਦੇ ਰਾਜਨੀਤਿਕ ਲੋਕ ਵਿਦਿਆਰਥੀਆਂ ਦੀ ਗੜਬੜੀ ਲਈ ਜ਼ਿੰਮੇਵਾਰ ਹਨ।

(ੲ) **ਭਾਰਤ ਵਿਚ ਪਰਜਾਤੰਤਰ** : ਪਰਜਾਤੰਤਰ ਦੇ ਮੁੱਖ ਸਿਧਾਂਤ ਜਿਵੇਂ ਕਿ ਸਮਾਜਿਕ ਨਿਆਂ, ਬਰਾਬਰੀ, ਸੁਤੰਤਰਤਾ ਅਤੇ ਭਰਾਤਰੀ ਭਾਵ ਸਾਰੇ ਹੀ ਆਮ ਲੋਕਾਂ ਦੁਆਰਾ ਅਤੇ ਜਿਹੜੇ ਹਕੂਮਤ ਕਰਦੇ ਹਨ ਉਹਨਾਂ ਦੁਆਰਾ ਦੁਰਵਰਤੋਂ ਕੀਤੇ ਜਾਂਦੇ ਹਨ। ਇਥੇ ਪ੍ਰਜਾਤੰਤਰ ਦਾ ਅਰਥ ਲੋਕਾਂ ਦੀ ਸਰਕਾਰ ਲੋਕਾਂ ਦੁਆਰਾ ਅਤੇ ਲੋਕਾਂ ਲਈ ਨਹੀਂ ਹੈ। ਬਲਕਿ ਇਸ ਦਾ ਮਤਲਬ ਇਕ ਰਾਜਨੀਤਿਕ ਦਲ ਦਾ ਆਪਣੇ ਦਲ ਦੇ ਲਾਭ ਲਈ ਰਾਜ ਕਰਨਾ ਹੈ। ਇਸ ਦੇ ਨਤੀਜੇ ਵਜੋਂ ਆਮ ਆਦਮੀ ਦੁੱਖੀ ਹੁੰਦਾ ਹੈ ਅਤੇ ਆਪਣੇ ਦੁੱਖਾਂ ਦੇ ਸਮਾਧਾਨ ਲਈ ਰਾਜ ਕਰਤਾ ਦਲ ਦੇ ਵਿਰੁੱਧ ਅਨੁਸ਼ਾਸਨਹੀਣਤਾ ਸਾਡੇ ਦੇਸ਼ ਅਤੇ ਕੌਮੀ ਰੁਚੀਆਂ ਅਤੇ ਕੌਮੀ ਮਹੱਤਵ ਰੱਖਣ ਵਾਲੀਆਂ ਚੀਜ਼ਾਂ ਨੂੰ ਵਾਜਬ ਸਨਮਾਨ ਦੇਣ ਦੀ ਆਗਿਆ ਨਹੀਂ ਦਿੰਦੀ। ਉਹਨਾਂ ਦਾ ਦ੍ਰਿਸ਼ਟੀਕੋਣ ਰਾਤੋ-ਰਾਤ ਨਹੀਂ ਬਦਲਿਆ ਜਾ ਸਕਦਾ। ਇਸ ਨੂੰ ਕਈ ਦਹਾਕੇ ਲੱਗਣਗੇ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਸਮਝ ਸਕਣ ਅਤੇ ਉਸ ਮੁਤਾਬਿਕ ਜਿਉਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ। ਨਾ ਸਮਝ ਅਤੇ ਤਜ਼ਰਬੇਕਾਰ ਵਿਦਿਆਰਥੀ ਆਪਣੇ ਪਰਿਵਾਰਾਂ ਦੇ ਵਡੇਰਿਆਂ ਦੇ ਕਦਮਾਂ ਉਪਰ ਚਲਦੇ ਹਨ ਅਤੇ ਆਸਾਨੀ ਨਾਲ ਅਨੁਸ਼ਾਸਨਹੀਣਤਾ ਦਾ ਸ਼ਿਕਾਰ ਹੋ ਜਾਂਦੇ ਹਨ।

(ਸ) **ਪਰਜਾਤੰਤਰਿਕ ਭਾਰਤ ਵਿਚ ਧਰਮ ਨਿਰਪੱਖਤਾ** : ਪਰਜਾਤੰਤਰਿਕ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਅਤੇ ਇਸ ਵਿਚ ਧਰਮ ਜਾਂ ਧਾਰਮਿਕ ਸਿੱਖਿਆ ਲਈ ਕੋਈ ਥਾਂ ਨਹੀਂ। ਨਤੀਜਾ ਇਹ ਹੋਇਆ ਕਿ ਆਮ ਤੌਰ ਤੇ ਲੋਕ ਰੱਬ ਦੇ ਡਰ ਤੋਂ ਅਤੇ ਜੀਵਨ ਦੀਆਂ ਅਧਿਆਤਮਿਕ ਕਦਰਾਂ ਕੀਮਤਾਂ ਤੋਂ ਦੂਰ ਚਲੇ ਗਏ ਹਨ। ਇਹ ਗੱਲ ਆਦਮੀਆਂ ਅਤੇ ਔਰਤਾਂ, ਬੁੱਢੇ ਅਤੇ ਜਵਾਨ, ਵਿਦਿਆਰਥੀਆਂ ਅਤੇ ਗ਼ੈਰ ਵਿਦਿਆਰਥੀਆਂ, ਸਾਰਿਆਂ ਤੇ ਲਾਗੂ ਹੁੰਦੀ ਹੈ। ਇਸ ਨਾਲ ਨੈਤਿਕ ਪਿਆਰ ਖਰਾਬ ਹੋਇਆ ਹੈ, ਆਸ਼ਾਂਤੀ ਅਤੇ ਅਨੁਸ਼ਾਸਨਹੀਣਤਾ ਵਧੀ ਹੈ ਅਤੇ ਦੇਸ਼ ਦੇ ਚਰਿਤਰ ਵਿਚ ਗਿਰਾਵਟ ਆਈ ਹੈ।

(ਹ) **ਰਾਜਨੀਤਿਕ ਅਸਥਿਰਤਾ** : ਰਾਜਨੀਤਿਕ ਅਸਥਿਰਤਾ ਰਾਜਨੀਤਿਕਾਂ ਵਿਚ ਗੜਬੜ ਪੈਦਾ ਕਰਦੀ ਹੈ ਜਿਹੜੇ ਕਿ ਇਸ ਗੜਬੜ ਨੂੰ ਅੱਗੇ ਵਿਦਿਆਰਥੀਆਂ ਵੱਲ ਧੱਕ ਦਿੰਦੇ ਹਨ। ਰਾਜਨੀਤਿਕ ਅਸਥਿਰਤਾ ਹਰ ਇਕ ਗੱਲ ਲਈ ਅਪਣਾਏ ਗਏ ਢੰਗ ਵਿਚ ਢਿੱਲਾਪਣ ਪੈਦਾ ਕਰਦੀ ਹੈ। ਮਸਲੇ ਅਸਲੀਅਤ ਤੋਂ ਦੂਰ ਹਟਦੇ ਚਲੇ ਜਾਂਦੇ ਹਨ। ਇਸ ਅਸਥਿਰਤਾ ਦੇ ਨਤੀਜੇ ਬਾਰੇ ਕਿਸੇ ਨੂੰ ਵੀ ਸਪਸ਼ਟਤਾ ਨਹੀਂ ਹੁੰਦੀ। ਉਸ ਸਮੇਂ ਲਈ ਸਾਰਾ ਕੁਝ ਠੱਪ ਹੋ ਜਾਂਦਾ ਹੈ। ਸਮਾਜ ਵਿਚ ਬੇਇਮਾਨੀ ਫੈਲ ਜਾਂਦੀ ਹੈ ਅਤੇ ਸਕੂਲ ਇਸ ਤੋਂ ਬਚ ਨਹੀਂ ਸਕਦਾ।

3.4.5 **ਵਿਦਿਅਕ ਕਾਰਣ** :

ਕਿਸੇ ਦੇਸ਼ ਦੀ ਵਿਦਿਅਕ ਪ੍ਰਣਾਲੀ ਨੌਜਵਾਨਾਂ ਦੀ ਸ਼ਕਤੀ ਨੂੰ ਨਿਰਮਾਣ ਲਈ ਵਰਤਣ ਵਾਸਤੇ ਬਹੁਤ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਕਥਨ ਵਿਚ ਬਹੁਤ ਸਚਾਈ ਹੈ ਕਿ ਅਨੁਸ਼ਾਸਨਹੀਣਤਾ ਨੌਜਵਾਨ ਮਾੜੀ ਸਿੱਖਿਆ ਦੀ ਦੇਣ ਹੈ। ਅਨੁਸ਼ਾਸਨਹੀਣਤਾ ਦੇ ਸਿੱਖਿਆ ਨਾਲ ਸੰਬੰਧਿਤ ਕਾਰਣ ਹਨ।

(ੳ) **ਸਿੱਖਿਆ ਦੇ ਉਚਿਤ ਉਦੇਸ਼ਾਂ ਦਾ ਨਾ ਹੋਣਾ** : ਵਿਦਿਆਰਥੀ, ਮਾਪੇ ਅਤੇ ਅਧਿਆਪਕ ਇਹ

ਮਹਿਸੂਸ ਕਰਦੇ ਹਨ ਕਿ ਸਕੂਲਾਂ ਵਿਚ ਦਿੱਤੀ ਜਾ ਰਹੀ ਸਿੱਖਿਆ ਲਗਭਗ ਉਦੇਸ਼ ਰਹਿਤ ਹੈ।

ਵਿਦਿਅਕ ਪ੍ਰੋਗਰਾਮ ਤਜਰਬੇ ਅਤੇ ਸੁਧਾਰ ਕਿਸੇ ਵੀ ਵਿਅਕਤੀ ਨੂੰ ਪ੍ਰੇਰਣਾ ਦੇਣ ਵਿਚ ਅਸਫਲ ਰਹੇ ਹਨ। ਭਿੰਨ-ਭਿੰਨ ਕਿਸਮ ਦੀਆਂ ਨਵੀਆਂ ਅਤੇ ਵੱਡੀਆਂ ਯੋਜਨਾਵਾਂ ਲਿਆਉਣ ਦੇ ਬਾਵਜੂਦ ਵੀ ਵਿਦਿਅਕ ਪ੍ਰਣਾਲੀ ਦਾ ਢਾਚਾ ਢਿੱਲਾ ਹੀ ਰਿਹਾ ਹੈ। ਅਸੀਂ ਸਿੱਖਿਆ ਵਿੱਚ ਆਪਣੇ ਮੰਤਵ, ਮੰਜ਼ਿਲ ਅਤੇ ਦਿਸ਼ਾ ਬਾਰੇ ਸਪਸ਼ਟ ਨਹੀਂ ਹਾਂ। ਨਤੀਜਾ ਇਹ ਹੈ ਕਿ ਅਜਿਹੀ ਸਿੱਖਿਆ ਬਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿੱਚ ਨਿਰਾਸਤਾ ਹੈ। ਅਧਿਆਪਕਾਂ ਦਾ ਇਸਨੂੰ ਪ੍ਰਭਾਵਿਤ ਢੰਗ ਨਾਲ ਦੇਣਾ ਅਤੇ ਵਿਦਿਆਰਥੀਆਂ ਦਾ ਅਨੁਸ਼ਾਸਿਤ ਢੰਗ ਨਾਲ ਪੜ੍ਹਨਾ ਸੰਭਵ ਨਹੀਂ ਹੈ।

(ਅ) **ਸਕੂਲਾਂ ਦਾ ਘਟੀਆ ਪ੍ਰਬੰਧ** : ਸਾਡੇ ਬਹੁਤ ਸਾਰੇ ਸਕੂਲਾਂ ਵਿੱਚ ਸਾਜੋ ਸਮਾਨ ਅਤੇ ਅਧਿਆਪਕਾਂ ਦੀ ਕਮੀ ਹੈ। ਨਾ ਹੀ ਚੰਗੀਆਂ ਇਮਾਰਤਾਂ ਅਤੇ ਨਾ ਹੀ ਖੁਲ੍ਹੇ ਖੇਡਾਂ ਦੇ ਮੈਦਾਨ ਹਨ। ਬਹੁਤ ਸਾਰੇ ਰਿਹਾਇਸ਼ੀ ਸਕੂਲਾਂ ਵਿੱਚ ਹੋਸਟਲ ਦੀਆਂ ਸਹੂਲਤਾਂ ਪੂਰੀਆਂ ਹਨ। ਲੰਗਰ ਦਾ ਪ੍ਰਬੰਧ ਵੀ ਠੀਕ ਨਹੀਂ ਹੈ। ਖਾਣਾ ਘਟੀਆ ਕਿਸਮ ਦਾ ਹੁੰਦਾ ਹੈ। ਹੋਸਟਲ ਦੀਆਂ ਫੀਸਾਂ ਤਾਂ ਬਹੁਤ ਜ਼ਿਆਦਾ ਹਨ ਪਰੰਤੂ ਸਹੂਲਤਾਂ ਬਹੁਤ ਘੱਟ ਹਨ। ਭਾਰਤ ਦੇ ਸਾਰੇ ਰਾਜਾਂ ਵਿਚ ਪ੍ਰਾਇਮਰੀ ਸਿੱਖਿਆ ਦੇ ਲਾਜ਼ਮੀ ਹੋਣ ਨਾਲ ਹਰ ਪਰਕਾਰ ਦੇ ਸਕੂਲਾਂ ਵਿਚ ਵਿਦਿਆਰਥੀਆਂ ਦੀ ਸੰਖਿਆ ਵੱਧਦੀ ਜਾ ਰਹੀ ਹੈ। ਸਕੂਲ ਅਧਿਕਾਰੀ ਜਿਹੜੀ ਸਥਿਤੀ ਨਾਲ ਸੰਤੋਸ਼ਜਨਕ ਢੰਗ ਨਾਲ ਨਹੀਂ ਨਿਪਟ ਸਕਦੇ ਜਿਸ ਦੇ ਨਤੀਜੇ ਵਜੋਂ ਹਰ ਪਾਸੇ ਹਫੜਾ ਦਫੜੀ ਅਤੇ ਅਨੁਸ਼ਾਸਨਹੀਣਤਾ ਹੈ।

(ੲ) **ਬੋਝਿਲ ਪਾਠਕ੍ਰਮ** : ਬੋਝਿਲ ਪਾਠਕ੍ਰਮ ਕੁਸ਼ਲਤਾ ਉਪਰ ਉਲਟਾ ਅਸਰ ਪਾਉਂਦਾ ਹੈ। ਨਵੀਆਂ ਯੋਜਨਾਵਾਂ ਨੇ ਪਾਠਕ੍ਰਮ ਨੂੰ ਹੋਰ ਵੀ ਬੋਝਿਲ ਬਣਾ ਦਿੱਤਾ ਹੈ ਜਿਹੜਾ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਅਸਾਨੀ ਨਾਲ ਨਹੀਂ ਚਲਾਇਆ ਜਾ ਸਕਦਾ। ਇਹ ਲਾਚਾਰੀ ਅਤੇ ਨਿਰਾਸ਼ਤਾ ਪੈਦਾ ਕਰਦਾ ਹੈ। ਵਿਦਿਆਰਥੀ ਹਰ ਇਕ ਚੀਜ਼ ਨੂੰ ਭਾਰ ਸਮਝਦੇ ਹਨ ਅਤੇ ਰੁਚੀ ਲੈਣੀ ਬੰਦ ਕਰ ਦਿੰਦੇ ਹਨ। ਜਦੋਂ ਵਿਦਿਆਰਥੀ ਦਿੱਤੇ ਗਏ ਕੰਮ ਨੂੰ ਸਮੇਂ ਸਿਰ ਕਰਨ ਦੇ ਅਸਮਰਥ ਹੁੰਦੇ ਹਨ ਤਾਂ ਉਹਨਾਂ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਇਹ ਪਹਿਲੂ ਵਿਦਿਆਰਥੀ ਅਤੇ ਅਧਿਆਪਕਾਂ ਦੇ ਸਬੰਧਾਂ ਨੂੰ ਵਿਗਾੜ ਦਿੰਦਾ ਹੈ। ਵਿਦਿਆਰਥੀਆਂ ਦਾ ਸਹਿਪਾਠ ਕ੍ਰਮ ਗਤੀਵਿਧੀਆਂ ਅਤੇ ਖੇਡਾਂ ਵਿੱਚ ਭਾਗ ਲੈਣਾ ਵੀ ਘਟ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਦੇ ਭਾਵਨਾਤਮਿਕ ਅਤੇ ਹੋਰ ਸੰਵੇਗਾਂ ਦਾ ਵਿਕਾਸ ਵੀ ਬੰਦ ਹੋ ਜਾਂਦਾ ਹੈ।

(ਸ) **ਸਕੂਲਾਂ ਵਿੱਚ ਸਹੀ ਪ੍ਰਕਾਰ ਦੀਆਂ ਸਹਿ-ਸਿਖਿਆ ਕ੍ਰਮੀ ਗਤੀਵਿਧੀਆਂ ਦੀ ਘਾਟ** :ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਮਗਰੋਂ ਨੌਜਵਾਨਾਂ ਨੂੰ ਸਕੂਲਾਂ ਵਿੱਚ ਸਹੀ ਸਿੱਖਿਆ ਦੇਣ ਲਈ ਭਿੰਨ-ਭਿੰਨ ਪ੍ਰਕਾਰ ਦੀਆਂ ਪਾਠਕ੍ਰਮ ਤੋਂ ਇਲਾਵਾ ਗਤੀਵਿਧੀਆਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਅਸਲ ਵਿੱਚ ਗਤੀਵਿਧੀਆਂ ਨੂੰ ਸਕੂਲ ਦੇ ਪ੍ਰਗੋਰਾਮ ਦਾ ਇਕ ਭਾਗ ਹੀ ਬਣਾ ਦਿੱਤਾ ਹੈ ਅਤੇ ਇਹਨਾਂ ਨੂੰ ਸਹੀ ਸਹਿ–ਪਾਠਕ੍ਰਮ ਗਤੀਵਿਧੀਆਂ ਹੀ ਕਿਹਾ ਜਾਂਦਾ ਹੈ। ਪਰੰਤੂ ਭਰੋਸੇਯੋਗ ਗੱਲ ਇਹ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਜਾਂ ਤਾਂ ਇਹਨਾਂ ਗਤੀਵਿਧੀਆਂ ਤੇ ਬੇਲੋੜਾ ਬਲ ਦਿੱਤਾ ਜਾਂਦਾ ਹੈ ਜਾਂ ਬਿਲਕੁਲ ਹੀ ਨਹੀਂ ਕੀਤੀਆਂ ਜਾਂਦੀਆਂ, ਇਸ ਲਈ ਉਹ ਆਪਣੇ ਨੇਕ ਮੰਤਵ ਵਿਚ ਅਸਫਲ ਹੋ ਜਾਂਦੀਆਂ ਹਨ। ਸਮੇਂ ਅਤੇ ਸਥਾਨ ਦੇ ਮੁਤਾਬਿਕ ਸਿਆਣਪ ਨਾਲ ਚੁਣੀਆਂ ਗਈਆਂ ਗਤੀਵਿਧੀਆਂ ਸਹਿਯੋਗ, ਸਹਿਣ ਸ਼ਕਤੀ, ਆਤਮ-ਰੋਕ ਅਤੇ ਆਤਮ-ਨਿਯੰਤਰਣ ਵਰਗੇ ਚੰਗੇ ਦ੍ਰਿਸ਼ਟੀਕੋਣ ਪੈਦਾ ਕਰਨ ਲਈ ਬਹੁਤ ਹੱਦ ਤੱਕ ਸਹਾਈ ਹੁੰਦੀਆਂ ਹਨ। ਇਸ ਤਰ੍ਹਾਂ ਇਹ ਵਿਕਾਸ ਅਨੁਸ਼ਾਸਨ ਵੱਲ ਲੈ ਜਾਂਦਾ ਹੈ। ਦੂਜੇ ਪਾਸੇ ਇਹਨਾਂ ਗਤੀਵਿਧੀਆਂ ਨੂੰ ਬਿਲਕੁਲ ਨਾ ਕਰਨਾ ਜਾਂ ਜਰੂਰਤ ਤੋਂ ਜ਼ਿਆਦਾ ਕਰਨਾ ਵੀ ਅਨੁਸ਼ਾਸਨਹੀਣਤਾ ਅਤੇ ਵਿਗਾੜ ਪੈਦਾ ਕਰਨਾ ਹੈ।

(ਹ) **ਵਧੀਆ ਅਤੇ ਆਕਰਸ਼ਕ ਸਕੂਲ ਵਾਤਾਵਰਣ ਦੀ ਘਾਟ** : ਸਾਡੇ ਬਹੁਤ ਸਾਰੇ ਸਕੂਲ ਘਟੀਆ ਜਗ੍ਹਾ ਅਤੇ ਘਟੀਆ ਵਾਤਾਵਰਣ ਵਿਚ ਸਥਿਤ ਹਨ। ਸਕੂਲ ਇਮਾਰਤਾਂ ਕੋਈ ਆਕਰਸ਼ਣ, ਉਤਸ਼ਾਹ ਅਤੇ ਸਕੂਲ ਪ੍ਰਦਾਨ ਨਹੀਂ ਕਰਦੀਆਂ। ਇਸ ਦੇ ਆਲੇ ਦੁਆਲੇ ਬਹੁਤ ਸਾਰੇ ਗੰਦੇ ਅਤੇ ਧਿਆਨ

ਉਚਾਟ ਕਰਨ ਵਾਲੇ ਸਥਾਨ ਹੁੰਦੇ ਹਨ। ਇਕ ਵਧੀਆ ਸਕੂਲ ਰਾਹੀਂ ਵਧੀਆ ਸਿੱਖਿਆ ਵਾਲਾ ਵਿਚਾਰ ਖ਼ਤਮ ਹੋ ਜਾਂਦਾ ਹੈ। ਵਿਦਿਆਰਥੀ ਆਪਣੇ ਸਕੂਲ ਦੇ ਮਾਣ ਨਹੀਂ ਕਰ ਸਕਦਾ। ਅਜਿਹੇ ਸਕੂਲਾਂ ਦੇ ਵਿਦਿਆਰਥੀ ਇਕ ਫੈਕਟਰੀ ਵਿਚ ਬਣੇ ਹੋਏ ਮਾਲ ਵਾਂਗੂ ਹੁੰਦੇ ਹਨ ਜਿਹਨਾਂ ਵਿਚ ਅਨੁਸ਼ਾਸਨ ਅਤੇ ਜੀਵਨ ਦੀ ਭਾਵਨਾ ਨਹੀਂ ਹੁੰਦੀ।

(ਕ) **ਨੈਤਿਕ ਸਿੱਖਿਆ ਦੀ ਘਾਟ** : ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ। ਇਸ ਲਈ ਸਰਕਾਰੀ ਸਕੂਲ ਜਿਹੜੇ 90 ਪ੍ਰਤੀਸ਼ਤ ਬੱਚਿਆਂ ਨੂੰ ਸਿਖਿਆ ਪ੍ਰਦਾਨ ਕਰਦੇ ਹਨ, ਵਿੱਚ ਕੋਈ ਵੀ ਧਾਰਮਿਕ ਜਾਂ ਨੈਤਿਕ ਸਿੱਖਿਆ ਨਹੀਂ ਦਿੱਤੀ ਜਾਂਦੀ। ਨਤੀਜੇ ਵਜੋਂ ਇਹ ਹੁੰਦਾ ਹੈ ਕਿ ਅਧਿਆਪਕ ਕੀਮਤਾਂ ਅਤੇ ਭਾਵਨਾਵਾਂ ਦੇ ਵਿਕਾਸ ਬਾਰੇ ਵਿਵਾਦ ਪੈਦਾ ਹੋ ਜਾਂਦਾ ਹੈ। ਦਿਲ ਅਤੇ ਭਾਵਨਾਵਾਂ ਦੀ ਸਿਖਿਆ ਤੋਂ ਬਗੈਰ ਵਿਦਿਆਰਥੀਆਂ ਦਾ ਦਿਮਾਗ ਇਕ ਸ਼ੈਤਾਨ ਦਾ ਘਰ ਹੁੰਦਾ ਹੈ ਜਿਹੜਾ ਕਿ ਮਾਨਵੀ ਕੀਮਤਾਂ ਦੀ ਦਿਸ਼ਾ ਦੀ ਪ੍ਰਵਾਹ ਨਾ ਕਰਦਾ ਹੋਏ ਤੋੜ ਫੋੜ ਅਤੇ ਅਨੁਸ਼ਾਸਨਹੀਣ ਗਤੀਵਿਧੀਆਂ ਵਿੱਚ ਲੱਗਿਆ ਰਹਿੰਦਾ ਹੈ। ਅਧਿਆਪਕ ਸਿੱਖਿਆ ਕਲਾਸ ਵਿੱਚ ਵੱਖ ਵੱਖ ਧਰਮਾਂ ਦਾ ਪ੍ਰਚਾਰ ਨਹੀਂ ਕਰਦੀ ਬਲਕਿ ਇਹ ਤਾਂ ਸੰਸਾਰ ਦੇ ਸਾਰੇ ਹੀ ਮਹੱਤਵਪੂਰਨ ਧਰਮਾਂ ਦੇ ਮੌਲਿਕ ਸਿਧਾਂਤਾਂ ਬਾਰੇ ਦਰਸਾਉਂਦੀ ਹੈ। ਇਸ ਪ੍ਰਕਾਰ ਦੀ ਸਿਖਿਆ ਵਿਦਿਆਰਥੀਆਂ ਵਿੱਚ ਜੁਮੇਵਾਰੀ ਅਤੇ ਫ਼ਰਜ਼ ਨਿਭਾਉਣ ਦੀ ਭਾਵਨਾ ਪੈਦਾ ਕਰਦੀ ਹੈ। ਇਸ ਦੇ ਨਾ ਹੋਣ ਨਾਲ ਵਿਚਾਰਾਂ ਅਤੇ ਕਰਮਾਂ ਵਿੱਚ ਅਨੁਸ਼ਾਸਨਹੀਣਤਾ ਹੋ ਸਕਦੀ ਹੈ।

(ਖ) **ਨਲਾਇਕ ਅਧਿਆਪਕ** : ਅਸਲ ਵਿਚ ਲਾਇਕ ਅਧਿਆਪਕਾਂ ਦੀ ਬਹੁਤ ਘਾਟ ਹੈ। ਵੈਸੇ ਵੀ ਹੁਣ ਪੜ੍ਹਾਉਣਾ ਜੀਵਨ ਉਦੇਸ਼ ਦੀ ਬਜਾਏ ਇਕ ਕਿੱਤਾ ਬਣ ਗਿਆ। ਛੋਟੇ-ਛੋਟੇ ਸਕੂਲਾਂ ਵਿੱਚ ਤੇਜ਼ੀ ਨਾਲ ਵਾਧੇ ਕਾਰਣ ਬਹੁਤ ਸਾਰੇ ਗਲਤ ਵਿਅਕਤੀ ਇਸ ਕਿੱਤੇ ਵਿੱਚ ਆ ਧੱਸੇ ਹਨ। ਇਹਨਾਂ ਗਲਤ ਵਿਅਕਤੀਆਂ ਵਿੱਚ ਦਿਲ ਅਤੇ ਦਿਮਾਗ ਦੇ ਉਹ ਗੁਣ ਨਹੀਂ ਹੁੰਦੇ ਜਿਹੜੇ ਕਿ ਇਕ ਅਧਿਆਪਕ ਲਈ ਬਹੁਤ ਜ਼ਰੂਰੀ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹ ਵਿਦਿਆਰਥੀਆਂ ਦੀ ਭਲਾਈ ਅਤੇ ਉਨਤੀ ਲਈ ਸਹੀ ਰੁਚੀ ਨਹੀਂ ਲੈਂਦੇ ਬਲਕਿ ਉਹ ਵਿਦਰੋਹੀ ਅਤੇ ਬੇਚੇਨੀ ਵਾਲੇ ਦ੍ਰਿਸ਼ਟੀਕੋਣ ਅਪਣਾ ਲੈਂਦੇ ਹਨ ਕਿਉਂਕਿ ਨਾ ਤਾਂ ਉਹਨਾਂ ਦੀ ਸਕੂਲ ਵਿੱਚ ਅਤੇ ਸਮਾਜ ਵਿਚ ਇੱਜ਼ਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਵਿਦਿਆਰਥੀਆਂ ਵਿੱਚ ਬੈਚੇਨੀ ਅਤੇ ਅਨੁਸ਼ਾਸਨਹੀਣਤਾ ਫੈਲਾਉਂਦਾ ਹੈ।

### 3.5 ਅਨੁਸ਼ਾਸਨ ਠੀਕ ਰੱਖਣ ਦੇ ਢੰਗ :

ਅਨੁਸ਼ਾਸਨਹੀਣਤਾ ਦੇ ਉਪਰ ਦੱਸੇ ਕਾਰਣਾਂ ਨੂੰ ਦੇਖਦੇ ਹੋਏ ਹੇਠ ਸ਼ਖ਼ਸੀਅਤ ਲਿਖੇ ਢੰਗ ਅਨੁਸ਼ਾਸਨ ਠੀਕ ਰੱਖਣ ਲਈ ਲਾਭਾਦਇਕ ਹੋਣਗੇ:

3.5.1 **ਵਿਅਕਤੀਗਤੀ ਕਾਰਣਾਂ ਨੂੰ ਦੂਰ ਕਰਨਾ** : ਵਿਅਕਤੀਗਤ ਕਾਰਣ ਅਸਲ ਵਿੱਚ ਸਮਾਯੋਜਨ ਸਮੱਸਿਆਵਾਂ ਹਨ ਜਿਹੜੀਆਂ ਕਿ ਵਿਦਿਆਰਥੀਆਂ ਦੀ ਸ਼ਖਸੀਅਤ ਨਾਲ ਸਿੱਧੇ ਤੌਰ ਤੇ ਜੁੜੀਆਂ ਹੋਈਆਂ ਹਨ। ਇਸ ਸਮੱਸਿਆਵਾਂ ਸੰਚਿਤ ਵੇਰਵੇ ਅਤੇ ਸ਼ਖ਼ਸੀਅਤ ਨੂੰ ਮਾਪਣ ਵਾਲੇ ਪੈਮਾਨੇ ਅਤੇ ਪ੍ਰਖਿਆਵਾਂ ਦੀ ਮਦਦ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ। ਇਹ ਵਿਧੀਆਂ ਸਾਨੂੰ ਸਮਾਯੋਜਨ ਸਮੱਸਿਆਵਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦੇਣਗੀਆਂ, ਉਹਨਾਂ ਨੂੰ ਹਮਦਰਦੀ ਅਤੇ ਮਨੋਵਿਗਿਆਨਕ ਢੰਗ ਨਾਲ ਦੂਰ ਕਰਕੇ ਵਿਦਿਆਰਥੀ ਨੂੰ ਬਿਨਾਂ ਕਿਸੇ ਬਾਹਰਲੇ ਦਬਾਅ ਸ਼ਕਤੀ ਤੋਂ ਆਪਣੇ ਨੁਕਸ ਆਪ ਠੀਕ ਕਰਨ ਵਿਚ ਮਦਦ ਕਰਨਗੀਆਂ।

3.5.2 **ਮਨੋਵਿਗਿਆਨਕ ਕਾਰਣਾਂ ਨੂੰ ਦੂਰ ਕਰਨਾ** : ਮਨੋਵਿਗਿਆਨਕ ਕਾਰਣ ਲਈ ਆਮ ਤੌਰ ਤੇ ਘਰੇਲੂ ਵਾਤਾਵਰਣ ਜ਼ਿੰਮੇਵਾਰ ਹੁੰਦਾ ਹੈ। ਬੱਚੇ ਦੀ ਸ਼ਖਸੀਅਤ ਬਨਾਉਣ ਵਿਚ ਘਰ ਇਕ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਹਰ ਇਕ ਵਿਦਿਆਰਥੀ ਲਈ ਮਨੋਵਿਗਿਆਨਕ, ਵਿਦਿਅਕ ਅਤੇ ਕਿੱਤੇ ਸਬੰਧੀ ਮਾਰਗ ਦਰਸ਼ਨ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਦੇ ਕੁਦਰਤੀ ਸੰਵੇਗਾਂ ਦਾ ਸਹੀ ਵੇਗ ਭਿੰਨ ਭਿੰਨ ਨਿਯਮਾਂ ਦੀਆਂ ਖੇਡਾਂ ਅਤੇ ਨੱਚਣ-ਟੱਪਣ ਦੀਆਂ ਗਤੀਵਿਧੀਆਂ ਰਾਹੀਂ ਹੋਣਾ

ਚਾਹੀਦਾ ਹੈ। ਵਿਦਿਆਰਥੀਆਂ ਲਈ ਅਧਿਆਪਕ ਅਤੇ ਮਾਪਿਆਂ ਨੂੰ ਅਨੁਸ਼ਾਸਨ ਦਾ ਇਕ ਵਧੀਆ ਨਮੂਨਾ ਬਨਣਾ ਚਾਹੀਦਾ ਹੈ ਜਿਵੇਂ ਕਿ ਬੱਚੇ ਦੇਖ ਕੇ ਸਿਖਦੇ ਹਨ। ਸੁਭਾਵਿਕ ਹੈ ਕਿ ਉਹ ਘਰ ਵਿਚ ਆਪਣੇ ਮਾਪਿਆਂ ਦੇ ਅਤੇ ਸਕੂਲ ਵਿਚ ਆਪਣੇ ਅਧਿਆਪਕਾਂ ਦੇ ਵਿਚਾਰ ਅਤੇ ਰਵੱਈਏ ਅਪਨਾਉਣਗੇ ਅਤੇ ਇਸ ਪ੍ਰਕਾਰ ਆਪਣੇ ਅੰਦਰ ਆਗਿਆ ਪਾਲਣ, ਅਨੁਸ਼ਾਸਨ, ਸਹਿਯੋਗ ਅਤੇ ਮਾਨਸਿਕ ਸਿਹਤ ਜਿਹੀਆਂ ਚੰਗੀਆਂ ਆਦਤਾਂ ਦਾ ਨਿਰਮਾਣ ਕਰਨਗੇ। ਸ਼ਫਰ ਵੀ ਅਨੁਸ਼ਾਸਨਹੀਣਤਾ ਦੇ ਕਈ ਕੇਸ ਹੋਣ ਤਾਂ ਉਹਨਾਂ ਨੂੰ ਵੀ ਮਨੋਵਿਗਿਆਨਿਕ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਉਹਨਾਂ ਨੂੰ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਆਪਣੇ ਵਿਦਿਆਰਥੀਆਂ ਨੂੰ ਛੋਟੀ ਜਿਹੀ ਗਲਤੀ ਲਈ ਵੀ ਵੱਡੀ ਸਜ਼ਾ ਨਹੀਂ ਦੇਣੀ ਚਾਹੀਦੀ। ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਤੇ ਜੁਰਮਾਨਾ ਲਗਾਉਣ ਦੀ ਬਜਾਏ ਉਹਨਾਂ ਨਾਲ ਹਮਦਰਦੀ, ਹੁਸ਼ਿਆਰੀ ਅਤੇ ਸਬਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਹਨਾਂ ਨੂੰ ਬੱਚਿਆਂ ਦੀਆਂ ਸਮੱਸਿਆਵਾਂ ਸਮਝਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦਾ ਹੱਲ ਲੱਭਣਾ ਚਾਹੀਦਾ ਹੈ।

3.5.3 **ਸਮਾਜਿਕ ਕਾਰਣਾਂ ਨੂੰ ਹਟਾਉਣਾ** : ਘਰ ਅਤੇ ਸਮਾਜ ਨੂੰ ਅਨੁਸ਼ਾਸਨਹੀਣਤਾ ਦੇ ਸਮਾਜਿਕ ਕਾਰਣਾਂ ਨੂੰ ਮਿਲ ਕੇ ਦੂਰ ਕਰਨਾ ਚਾਹੀਦਾ ਹੈ। ਅਧਿਆਪਕ ਨੂੰ ਅਤੇ ਸਕੂਲ ਨੂੰ ਖਾਸ ਤੌਰ ਤੇ ਬੱਚੇ ਉਪਰ ਘਰ ਅਤੇ ਸਮਾਜ ਦੇ ਖਰਾਬ ਪ੍ਰਭਾਵ ਤੋਂ ਬਚਾਉਂਦਾ ਹੈ। ਅਧਿਆਪਕ ਨੂੰ ਮਾਪਿਆਂ ਲਈ ਖਾਸ ਤੌਰ ਤੇ ਅਤੇ ਬਾਕੀ ਲੋਕਾਂ ਲਈ ਵੀ ਉਹਨਾਂ ਦੇ ਅਨੁਸ਼ਾਸਨ ਪ੍ਰਤੀ ਚੰਗੇ ਕਿਰਦਾਰ ਲਈ ਮਾਰਗ ਦਰਸ਼ਨ ਕਰਨਾ ਪਵੇ ਗਾ। ਸਰਕਾਰ ਵੀ ਸਮਾਜ ਦੇ ਸਹਿਯੋਗ ਨਾਲ ਸਮਾਜ ਦੀਆਂ ਬੁਰਾਈਆਂ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰੇਗੀ। ਨੈਤਿਕ ਸਿੱਖਿਆ ਰਾਹੀਂ ਜੀਵਨ ਦੇ ਪਦਾਰਥਵਾਦੀ ਖ਼ਿਆਲ ਬਦਲ ਕੇ ਅਧਿਆਤਮਕ ਖਿਆਲ ਬਨਾਉਣਾ ਚਾਹੀਦਾ ਹੈ। ਆਦਰਸ਼ਵਾਦ ਦੀ ਭਾਵਨਾ ਨੂੰ ਮਜ਼ਬੂਤ ਬਨਾਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਅਧਿਆਪਕਾਂ ਦੀ ਨੇਕ ਉਦਾਹਰਣਾਂ ਰਾਹੀਂ ਉਤਸ਼ਾਹਿਤ ਹੋਣਾ ਹੁੰਦਾ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ ਕਿ ਉਸ ਨੇ ਆਉਣ ਵਾਲੇ ਸਮੇਂ ਵਿੱਚ ਸਮਾਜਿਕ ਬੁਰਾਈਆਂ ਵਿਰੁੱਧ ਡੱਟਣਾ ਹੈ।

ਆਰਥਿਕ ਤੌਰ ਤੇ ਗਰੀਬ ਬੱਚਿਆਂ ਨੂੰ ਸਰਕਾਰ ਦੁਆਰਾ ਮਾਲੀ ਸਹਾਇਤਾ ਅਤੇ ਮੁਫ਼ਤ ਕਿਤਾਬਾਂ ਮਿਲਣੀਆਂ ਚਾਹੀਦੀਆਂ ਹਨ। ਵਿਦਿਆਰਥੀਆਂ ਨੂੰ ਦੁਪਹਿਰ ਦਾ ਭੋਜਨ ਦੇਣ ਲਈ ਵੀ ਰਾਜ ਸਰਕਾਰਾਂ ਨੂੰ ਕਦਮ ਚੁੱਕਣੇ ਚਾਹੀਦੇ ਹਨ। ਸਮਾਜਿਕ ਸਤਰ ਦੇ ਭਰਮ ਨੂੰ ਦੂਰ ਕਰਨ ਲਈ ਇਹ ਬਹੁਤ ਚੰਗਾ ਹੋਵੇਗਾ ਕਿ ਜੇਕਰ ਸਾਰੇ ਵਿਦਿਆਰਥੀਆਂ ਲਈ ਇਕੋ ਜਿਹੀ ਵਰਦੀ ਲਗਾ ਦਿੱਤੀ ਜਾਵੇ। ਘਟੀਆ ਸਾਹਿਤ ਅਤੇ ਘਟੀਆ ਫਿਲਮਾਂ ਦੀ ਜਗ੍ਹਾਂ ਵਧੀਆ ਸਾਹਿਤ ਅਤੇ ਚੰਗੀਆਂ ਫਿਲਮਾਂ ਹੋਣੀਆਂ ਚਾਹੀਦੀਆਂ ਹਨ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਸਕੂਲ ਵਿਚੋਂ ਵਧੀਆ ਨੌਜਵਾਨ ਮੁੰਡੇ ਅਤੇ ਕੁੜੀਆਂ ਬਣ ਕੇ ਨਿਕਲਣ ਤਾਂ ਸਾਡੇ ਸਕੂਲ ਵਿਚ ਅਨੁਸ਼ਾਸਿਤ ਅਧਿਆਪਕ, ਘਰਾਂ ਵਿਚ ਅਨੁਸ਼ਾਸਿਤ ਮਾਪੇ ਅਤੇ ਸਮਾਜ ਵਿੱਚ ਅਨੁਸ਼ਾਸਿਤ ਨਾਗਰਿਕ ਹੋਣੇ ਚਾਹੀਦੇ ਹਨ। ਸਕੂਲ ਦਾ ਅਨੁਸ਼ਾਸਨ ਵੀ ਤਾਂ ਹੀ ਰਹਿ ਸਕੇਗਾ ਜੇ ਕਰ ਇਸ ਦੇ ਆਲੇ ਦੁਆਲੇ ਸਮਾਜਿਕ ਅਨੁਸ਼ਾਸਨ ਠੀਕ ਹੈ। ਸਮਾਜਿਕ ਅਨੁਸ਼ਾਸਨ ਚੰਗੀ ਤਰ੍ਹਾਂ ਯੋਜਿਤ ਸਕੂਲ ਪ੍ਰਣਾਲੀ ਅਤੇ ਸਮਾਜਿਕ ਸਿੱਖਿਆ ਰਾਹੀਂ ਪੈਦਾ ਕੀਤਾ ਜਾ ਸਕਦਾ ਹੈ। ਵਿਦਿਆਰਥੀ ਆਪਣੀ ਕੌਮ, ਦੇਸ਼ ਅਤੇ ਸਭਿਅਤਾ ਵਿਚ ਆਪ ਅਨੁਭਵ ਕਰਨਾ ਸਿੱਖਦੇ ਹਨ। ਇਹ ਉਹਨਾਂ ਨੂੰ ਸੇਵਾ ਕਰਨ, ਦੁੱਖ ਸਹਿਣ ਲਈ ਕੁਰਬਾਨੀ, ਚੰਗੀਆਂ ਕਦਰਾਂ ਕੀਮਤਾਂ ਲਈ ਜਿਉਣ ਅਤੇ ਮਰਨ ਲਈ ਤਿਆਰ ਕਰੇਗਾ ਜੋ ਕਿ ਇਕ ਪਰਜਾਤੰਤਰ ਸਮਾਜ ਦੀ ਹੋਂਦ ਲਈ ਅਤਿ ਜ਼ਰੂਰੀ ਹੈ।

3.5.4 **ਰਾਜਨੀਤਿਕ ਕਾਰਣ** : ਰਾਜਨੀਤਿਕ ਦਲਾਂ ਨੂੰ ਦੇਸ਼ ਦੇ ਹਿੱਤਾਂ ਲਈ ਸਿਖਿਆ ਦੇ ਖੇਤਰ ਵਿਚੋਂ ਪੂਰਨ ਤੌਰ ਤੇ ਪਰੇ ਹਟ ਜਾਣਾ ਚਾਹੀਦਾ ਹੈ। ਉਹਨਾਂ ਨੂੰ ਨਿਸ਼ਚਿਤ ਰੂਪ ਵਿਚ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਆਪਣੇ ਦਲਾਂ ਦੇ ਲਾਭ ਲਈ ਵਿਦਿਆਰਥੀਆਂ ਦਾ ਸ਼ੋਸ਼ਣ ਨਹੀਂ ਕਰਨਗੇ। ਵਿਦਿਆਰਥੀਆਂ ਨੂੰ ਵੀ ਇਹ ਗਲ ਸਮਝਾ ਦੇਣੀ ਚਾਹੀਦੀ ਹੈ ਕਿ ਉਹ ਆਪਣੀ ਪੜ੍ਹਾਈ ਦੀ ਕੀਮਤ ਤੇ ਰਾਜਨੀਤੀ ਵਿਚ ਭਾਗ ਨਾ ਲੈਣ।ਉਹਨਾਂ ਦੀ ਆਜ਼ਾਦੀ ਬਾਰੇ ਗਲਤ ਧਾਰਨਾ ਨੂੰ ਠੀਕ ਕਰਨਾ ਚਾਹੀਦਾ ਹੈ। ਉਹਨਾਂ ਨੂੰ ਆਪਣੇ

ਅਧਿਕਾਰਾਂ ਅਤੇ ਫਰਜ਼ਾਂ ਬਾਰੇ ਸੁਚੇਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਆਪਣੇ ਅਧਿਕਾਰ ਹੀ ਯਾਦ ਨਹੀਂ ਰਖਣੇ ਚਾਹੀਦੇ ਬਲਕਿ ਆਪਣੇ ਫਰਜ਼ ਵੀ ਨਹੀਂ ਭੁਲਣੇ ਚਾਹੀਦੇ। ਉਹਨਾਂ ਅੰਦਰ ਸਹਿਨਸ਼ਕਤੀ ਅਤੇ ਸੰਤੁਲਿਤ ਆਤਮ-ਅਨੁਭਵ ਰਾਹੀਂ ਸੁਚੱਜੀ ਰਾਸ਼ਟਰੀਅਤਾ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ।

ਮੁੱਖ ਅਧਿਆਪਕ ਅਤੇ ਅਧਿਆਪਕਾਂ ਨੂੰ ਉਹਨਾਂ ਦਾ ਵਿਸ਼ਵਾਸ ਜਿੱਤਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਆਪਣੇ ਦੁੱਖਾਂ ਦੇ ਹੱਲ ਲਈ ਰਾਜਨੀਤਿਕ ਆਗੂਆਂ ਵੱਲ ਨਾ ਵੇਖਣ। ਮੁੱਖ ਅਧਿਆਪਕਾਂ ਅਤੇ ਅਧਿਆਪਕਾਂ ਨੂੰ ਰਾਜਨੀਤਿਕਾਂ ਨੂੰ ਫਾਇਦਾ ਪਹੁੰਚਾਣ ਲਈ ਜ਼ਿਆਦਾ ਹੱਕਦਾਰ ਵਿਦਿਆਰਥੀਆਂ ਲਈ ਬੇ ਇਨਸਾਫੀ ਨਹੀਂ ਕਰਨੀ ਚਾਹੀਦੀ। ਅਗਰ ਇਸ ਤਰ੍ਹਾਂ ਨਾ ਕਰਨ ਲਈ ਰਾਜਨੀਤਿਕ ਉਹਨਾਂ ਦਾ ਨੁਕਸਾਨ ਵੀ ਕਰਨਾ ਚਾਹੇ ਤਾਂ ਉਹਨਾਂ ਨੂੰ ਹੱਸ ਕੇ ਝੁੱਕਣਾ ਚਾਹੀਦਾ ਹੈ। ਅਧਿਆਪਕਾਂ ਨੂੰ ਵਿਦਿਆਰਥੀਆਂ ਲਈ ਸਮੁੱਚੀ ਅਗਵਾਈ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਕਿ ਉਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ ਲਈ ਰਾਜਨੀਤਿਕ ਆਗੂਆਂ ਵੱਲ ਨਾ ਵੇਖਣ। ਰਾਜਨੀਤਿਕ ਸੰਕਟ ਅਤੇ ਅਸਥਾਈ ਅਵਸਥਾ ਵਿਚ ਵੀ ਉਹ ਵਿਦਿਆਰਥੀਆਂ ਉਪਰ ਆਪਣੀ ਪਕੜ ਕਮਜ਼ੋਰ ਨਾ ਹੋਣ ਦੇਣ। ਅਜਿਹੇ ਸਮੇਂ ਵਿੱਚ ਵੀ ਸਕੂਲ ਦਾ ਕੰਮ ਬਿਨਾਂ ਕਿਸੇ ਗੜਬੜ ਤੇ ਚਲਣਾ ਚਾਹੀਦਾ ਹੈ।

3.5.5 ਵਿਦਿਅਕ ਕਾਰਣ : ਸਭ ਤੋਂ ਪਹਿਲਾਂ ਸਮਾਜ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਡੇ ਸਿੱਖਿਆ ਦੇ ਨਿਸ਼ਚਿਤ ਕੌਮੀ ਉਦੇਸ਼ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਸਿਰਫ ਉਹ ਹੀ ਤਜ਼ਰਬੇ ਅਤੇ ਗਤੀਵਿਧੀਆਂ ਕਰਨ ਦੇਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਸਾਰੇ ਉਦੇਸ਼ਾਂ ਦੀ ਪੂਰਤੀ ਹੋ ਸਕੇ। ਸਾਡੀ ਆਧੁਨਿਕ ਹੋਣ ਦੀ ਪ੍ਰਵਿਰਤੀ ਅਤੇ ਆਪਣੀ ਵਿਦਿਅਕ ਪ੍ਰਣਾਲੀ ਦੇ ਸੁਧਾਰ ਲਈ ਅਸੀਂ ਆਪ ਪਾਠਕ੍ਰਮ ਵਿਚ ਅਜਿਹੇ ਵਿਸ਼ੇ ਲਾਗੂ ਕਰ ਚੁੱਕੇ ਹਾਂ ਜਿਸ ਨੇ ਇਸ ਨੂੰ ਬਹੁਤ ਬੋਝਿਲ, ਨਾ ਚੁੱਕਿਆਂ ਜਾਣ ਵਾਲਾ ਅਤੇ ਨਾ ਕਰਿਆ ਜਾਣ ਵਾਲਾ ਬਣਾ ਦਿੱਤਾ ਹੈ। ਵਿਦਿਆਰਥੀਆਂ ਦੀ ਕੀਮਤ ਤੇ ਅਜਿਹੇ ਤਜ਼ਰਬੇ ਸਾਡਾ ਸਤੱਰ ਉਪਰ ਚੁੱਕਣ ਵਿਚ ਬੁਰੀ ਤਰ੍ਹਾਂ ਨਾ-ਕਾਮਯਾਬ ਰਹੇ ਹਨ। ਇਸ ਤਰ੍ਹਾਂ ਦਾ ਭਾਰ ਵਧਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੀਵਨ ਦੇ ਅਕਾਦਮਿਕ ਅਤੇ ਸਿਧਾਤਕ ਪੱਖ ਨਾ ਜ਼ਿੰਦਗੀ ਦੇ ਵਾਸਤਵਿਕ ਪੱਖ ਉਪਰ ਜ਼ਿਆਦਾ ਬਲ ਦੇਣ ਦੀ ਜ਼ਰੂਰਤ ਹੈ। ਸਕੂਲਾਂ ਦੀ ਵਧ ਰਹੀ ਕੁਸ਼ਲਤਾ ਅਤੇ ਸਤੱਰ ਦੇ ਅਨੁਸਾਰ ਪੁਨਰਗਠਨ ਹੋਣਾ ਚਾਹੀਦਾ ਹੈ। ਦੇਸ਼ ਦੀ ਵੱਧ ਰਹੀ ਆਬਾਦੀ ਮੁਤਾਬਿਕ ਵੱਧ ਤੋਂ ਵੱਧ ਸਕੂਲ ਖੋਲ੍ਹਣੇ ਚਾਹੀਦੇ ਹਨ ਅਤੇ ਇਹਨਾਂ ਸਕੂਲਾਂ ਵਿਚ ਅਮਲਾ ਅਤੇ ਸਾਜੋ ਸਮਾਨ ਪੂਰਾ ਹੋਣਾ ਚਾਹੀਦਾ ਹੈ। ਖੁਲ੍ਹੇ ਮੈਦਾਨ ਵੀ ਹੋਣੇ ਚਾਹੀਦੇ ਹਨ। ਸਹਿ ਪਾਠਕ੍ਰਮੀ, ਰਚਨਾਤਮਕ, ਸੋਹਜਾਤਮਕ ਅਤੇ ਮੌਕੇ ਤੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਜਿਵੇਂ ਕਿ ਖੇਡਾਂ, ਸਕਾਊਟ, ਗਰਲ-ਗਾਈਡਿੰਗ, ਸੈਰ ਸਪਾਟੇ, ਸਮਾਜ ਸੇਵਾ ਦੇ ਕੈਂਪ, ਡਰਾਮੇ, ਵਾਦ-ਵਿਵਾਦ ਜਿਹੜੀਆਂ ਗਤੀਵਿਧੀਆਂ ਸਕੂਲ ਵਿਚ ਜ਼ਿਆਦਾ ਹੋਣ ਤਾਂ ਭਿੰਨ ਭਿੰਨ ਪ੍ਰਕਾਰ ਦੀਆਂ ਰੁਚੀਆਂ ਅਤੇ ਪ੍ਰਤਿਸ਼ਠਾਵਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਤਰ੍ਹਾਂ ਦੀ ਵਿਵਸਥਾ ਸਾਡੇ ਵਿਦਿਆਰਥੀਆਂ ਨੂੰ ਆਪਣਾ ਫਾਲਤੂ ਸਮਾਂ ਲਾਭਦਾਇਕ ਢੰਗ ਨਾਲ ਵਰਤਣ ਲਈ ਅਤੇ ਉਹਨਾਂ ਵਿਚੋਂ ਵਾਧੂ ਸ਼ਕਤੀ ਨੂੰ ਸਮਾਜਿਕ ਤੌਰ ਤੇ ਲਾਭਦਾਇਕ ਤਰੀਕੇ ਨਾਲ ਵਰਤਣ ਲਈ ਲਾਭਦਾਇਕ ਹੋਵੇਗੀ। ਅਧਿਆਪਕਾਂ ਦਾ ਆਰਥਿਕ ਅਤੇ ਸਮਾਜਿਕ ਪੱਧਰ ਉਚਾ ਚੁੱਕਿਆ ਜਾਵੇ ਤਾਂ ਕਿ ਉਹਨਾਂ ਦੇ ਕਿੱਤੇ ਨੂੰ ਆਕਰਸ਼ਿਕ ਬਣਾ ਕੇ ਯੋਗ ਬਣਾਇਆ ਜਾਵੇ। ਇਸ ਨਾਲ ਅਧਿਆਪਕ ਅਤੇ ਵਿਦਿਆਰਥੀਆਂ ਵਿਚ ਸੰਬੰਧ ਬਨਾਉਣ ਲਈ ਵੀਰਸਤਾ ਬਣੇਗਾ। ਜਿਸ ਦੇ ਨਾ ਹੋਣ ਦੇ ਕਾਰਣ ਆਮ ਤੌਰ ਤੇ ਅਨੁਸ਼ਾਸਨਹੀਣਤਾ ਅਤੇ ਬੇਚੈਨੀ ਹੁੰਦੀ ਹੈ। ਆਖਰਕਾਰ ਇਹ ਅਧਿਆਪਕ ਹੀ ਹੈ ਜਿਹੜਾ ਆਪਣੇ ਪੜ੍ਹਾਉਣ ਦੇ ਢੰਗ ਨਾਲ ਅਤੇ ਉਹਨਾਂ ਲਈ ਹਮਦਰਦੀ ਵਾਲੇ ਰਵੱਈਏ ਨਾਲ ਵਿਦਿਆਰਥੀਆਂ ਦਾ ਦਿਲ ਜਿੱਤ ਸਕਦਾ ਹੈ।

### 3.6 ਸਾਰ (Summary) :

ਅਜਿਹੇ ਚੰਗੇ ਤੇ ਖੂਬਸੂਰਤ ਵਿਵਹਾਰ ਨੂੰ ਅਨੁਸ਼ਾਸਨ ਕਹਿੰਦੇ ਹਨ ਜਿਸ ਵਿੱਚ ਸਾਂਵਾਪਨ, ਆਨੰਦ, ਸਫਲਤਾ ਅਤੇ ਜ਼ਿੰਮੇਵਾਰੀ ਲਈ ਅਹਿਸਾਸ ਹੋਵੇ, ਅਫਸਰਾਂ ਜਾਂ ਸੀਨੀਅਰ ਬੰਦਿਆਂ ਲਈ ਸਤਿਕਾਰ, ਵਿਵਸਥਾ ਲਈ ਪਿਆਰ, ਕਰਤੱਵ ਪਾਲਣ ਦੀ ਇੱਛਾ, ਨਿਪੁੰਨਤਾ ਅਤੇ ਸਹਿਯੋਗ ਦੇਣ ਦੀ ਲਾਲਸਾ, ਆਪਣੀਆਂ ਇੱਛਾਵਾਂ ਉਤੇ ਰੋਕ ਅਤੇ ਕਰੋਧ ਉਤੇ ਕਾਬੂ ਪਾਉਣ ਦੀ ਸ਼ਕਤੀ ਹੋਵੇ। ਨਿਯਮਾਂ ਦਾ ਪਾਲਣ ਕਰਨਾ ਵਿਦਿਆਰਥੀ ਦੇ

ਆਪਣੇ ਹਿੱਤ ਵਿਚ ਹੁੰਦਾ ਹੈ। ਅਨੁਸ਼ਾਸਨ ਵਿਚ ਰਹਿ ਕੇ ਭਿੰਨ-ਭਿੰਨ ਕ੍ਰਿਆਵਾਂ ਆਪਣੇ ਮੰਤਵਾਂ ਨੂੰ ਸਹਿਜੇ ਹੀ ਪੂਰਾ ਕਰ ਲੈਂਦੀਆਂ ਹਨ, ਸਮਾਂ ਵੀ ਘੱਟ ਲਗਦਾ ਹੈ, ਧਨ ਵੀ ਘੱਟ ਖਰਚ ਹੁੰਦਾ ਹੈ ਤੇ ਮਿਹਨਤ ਤੇ ਯਤਨ ਵੀ ਘੱਟ ਲਗਦਾ ਹੈ।

ਅਨੁਸ਼ਾਸਨ ਜ਼ਿੰਦਗੀ ਨੂੰ ਸੇਧ ਅਤੇ ਅਰਥ ਦੇਂਦਾ ਹੈ ਤੇ ਰਚਨਾਤਮਕ ਰੁਝਾਨ ਅਤੇ ਰਵੱਈਆ ਪੈਦਾ ਕਰਦਾ ਹੈ। ਅਨੁਸ਼ਾਸਨ ਆਤਮ ਸੰਯਮ ਦੀ ਸਿਖਲਾਈ ਦੇਂਦਾ ਹੈ, ਝਗੜਿਆਂ, ਫਸਾਦਾਂ ਨੂੰ ਸਮਾਜ ਤੋਂ ਦੂਰ ਰਖਦਾ ਹੈ। ਖੁਸ਼ੀ ਤੇ ਆਨੰਦ, ਸ਼ਾਂਤੀ ਤੇ ਸਮਝੌਤੇ ਦਾ ਪ੍ਰਤੀਕ, ਅਨੁਸ਼ਾਸਨ ਹੀ ਹੁੰਦਾ ਹੈ। ਅਨੁਸ਼ਾਸਨ ਮਨੁੱਖ ਨੂੰ ਆਤਮ ਸਨਮਾਨ ਦੀ ਸਿਖਲਾਈ ਦੇਂਦਾ ਹੈ।

**3.7 ਮੁੱਖ ਬਿੰਦੂ:** ਅਨੁਸਾਸਨ- ਇਹ ਲੈਟਿਨ ਸ਼ਬਦ ਡਿਸਪਲੱਸ ਤੋ ਲਿਆ ਗਿਆ ਹੈ।

**3.8 ਸੁਝਾਏ ਪ੍ਰਸ਼ਨ :**

1) ਅਨੁਸ਼ਾਸਨ ਦੇ ਬਦਲੇ ਹੋਏ ਵਿਚਾਰ ਦੀ ਵਿਆਖਿਆ ਕਰੋ। ਤੁਸੀਂ ਇਸ ਨਾਲ ਕਿਥੋਂ ਤੱਕ ਸਹਿਮਤ ਹੋ ?
2) ''ਡੰਡਾ ਛੱਡਿਆ ਅਤੇ ਬੱਚਾ ਵਿਗੜਿਆ'' ਕੀ ਇਹ ਸਿਧਾਂਤ ਅਨੁਸ਼ਾਸਨ ਰੱਖਣ ਲਈ ਅੱਜ ਵੀ ਠੀਕ ਹੈ?
3) ਸਾਡੇ ਸਕੂਲਾਂ ਵਿਚ ਅਨੁਸ਼ਾਸਨ ਦੇ ਮਨੋਵਿਗਿਆਨਕ ਕਾਰਣ ਕੀ ਹਨ? ਉਹਨਾਂ ਨੂੰ ਦੂਰ ਕਰਨ ਦੇ ਸੁਝਾਅ ਦੱਸੋ?
4) ਅਧਿਆਪਕ ਨੂੰ ਇਕ ਪੁਲਿਸ ਵਾਲਾ ਨਹੀਂ ਹੋਣਾ ਚਾਹੀਦਾ ਬਲਕਿ ਇਕ ਦੋਸਤ ਅਤੇ ਆਮ ਦਰਸ਼ਕ ਹੋਣਾ ਚਾਹੀਦਾ ਹੈ। ਟਿੱਪਣੀ ਕਰੋ।
5) ਸਾਡੇ ਹਾਈ ਸਕੂਲਾਂ ਵਿਚ ਅਨੁਸ਼ਾਸਨਹੀਣਤਾ ਦੇ ਮੁੱਖ ਕਾਰਣਾਂ ਬਾਰੇ ਚਾਨਣਾ ਪਾਓ ਅਤੇ ਸਕੂਲਾਂ ਵਿਚ ਉਚਿਤ ਅਨੁਸ਼ਾਸਨ ਰੱਖਣ ਦਾ ਸੁਝਾਓ ਦਿਓ।

**3.9 ਸਵੈ-ਮੁਲਾਂਕਣ ਅਭਿਆਸ**

1. ਸਕੂਲ ਵਿੱਚ ਅਨੁਸ਼ਾਸਨ ਬਾਹਰਲਾ ਨਹੀਂ, ਅੰਦਰਲਾ ਹੋਣਾ ਚਾਹੀਦਾ ਹੈ। (ਹਾਂ/ਨਹੀਂ)
2. ਸਕੂਲ ਵਿੱਚ ਬੱਚੇ ਉਤੇ ਬਾਹਰੋਂ ਬੰਦਸ਼ਾਂ ਲਗਾਉਣ ਦੀ ਲੋੜ ਨਹੀਂ। (ਹਾਂ/ਨਹੀਂ)
3. ਅਨੁਸ਼ਾਸਨ ਲਈ ਬੱਚੇ ਨੂੰ ਲੋੜੀਂਦੀ ਖੁਲ੍ਹ ਦਿੱਤੀ ਜਾਂਦੀ ਹੈ। ਜਦੋਂ ਲੋੜ ਪੈਂਦੀ ਹੈ ਤਾਂ ਉਸਨੂੰ ਸੁਧਾਰਿਆ ਜਾਂਦਾ ਹੈ। (ਹਾਂ/ਨਹੀਂ)
4. ਬੱਚਾ 'ਜੋ ਜੀਅ ਆਏ ਕਰੇ' ਹੀ ਹੋਣਾ ਚਾਹੀਦਾ ਹੈ। (ਹਾਂ/ਨਹੀਂ)
5. ਬੱਚੇ ਨੂੰ ਸਭ ਕੁਝ ਕਰਨ ਦੀ ਪੂਰੀ-ਪੂਰੀ ਖੁਲ੍ਹ ਹੋਣੀ ਚਾਹੀਦੀ ਹੈ। (ਹਾਂ/ਨਹੀਂ)

**ਉਤਰ-ਮਾਲਾ** : (1) ਹਾਂ, (2) ਹਾਂ (3) ਹਾਂ (4) ਨਹੀਂ (5) ਨਹੀਂ

**3.10 ਸੁਝਾਈਆਂ ਪੁਸਤਕਾਂ :**


| | | |
|---|---|---|
| ਆਈ.ਐਸ. ਚੌਧਰੀ | : | ਬੇਸਿਕ ਸਕੂਲ ਆਰਗਨਾਈਜੇਸ਼ਨ |
| ਸੀ.ਐਲ. ਨਾਰੰਗ ਅਤੇ ਸ਼ਰਮਾ | : | ਏ ਮਾਡਰਨ ਅਪਰੋਚ ਟੂ ਸਕੂਲ ਆਰਗਨਾਈਜੇਸ਼ਨ |
| ਐਸ.ਕੇ.ਕੋਛਰ | : | ਸਕੂਲ ਆਰਗਨਾਈਜੇਸ਼ਨ |
| ਡਬਲਯੂ.ਸੀ.ਬੇਗਲੇ | : | ਕਨਸਟਰਕਟਿਵ ਸਕੂਲ ਡਿਸਪਲਨ |
| ਡਬਲਯੂ..ਐਮ. ਰੇਬਮ | : | ਦ ਆਰਗਨਾਈਜੇਸ਼ਨ ਆਫ ਸਕੂਲ |
| ਐਚ.ਬੀ.ਸਟੈਡ | : | ਸਕੂਲ ਆਰਗਨਾਈਜੇਸ਼ਨ |
| ਐਸ.ਐਸ.ਮਾਥੁਰ | : | ਸਕੂਲ ਆਰਗਨਾਈਜੇਸ਼ਨ ਐਂਡ ਐਡਮਨਿਸਟਰੇਸ਼ਨ |
| ਜੇ.ਸੀ.ਅਗਰਵਾਲ | : | ਸਕੂਲ ਆਰਗਨਾਈਜੇਸ਼ਨ |
| ਸਫਾਇਆ ਐਂਡ ਸ਼ੈਦਾ | : | ਸਕੂਲ ਐਡਮਨਿਸਟਰੇਸ਼ਨ ਐਂਡ ਆਰਗਨਾਈਜੇਸ਼ਨ |

| | |
|---|---|
| **ਬੀ. ਐਡ. ਭਾਗ ਪਹਿਲਾ** | **ਪਰਚਾ ਤੇਰਵ੍ਹਾਂ** |
| **(ਸਮੈਸਟਰ ਦੂਜਾ)** | **ਸਕੂਲ ਪ੍ਰਬੰਧ** |

**ਪਾਠ ਨੰ: 1.4**

**ਲੇਖਕ : ਡਾ. ਐਸ.ਪੀ. ਚੌਬੇ**
**ਅਨੁਵਾਦ ਕਰਤਾ : ਡਾ. ਬਲਵੰਤ ਸਿੰਘ**

## ਪਾਠ-ਸਹਾਇਕ ਕਿਰਿਆਵਾਂ ਸ਼ੌਕ, ਇਹਨਾਂ ਦੀ ਮਹੱਤਤਾ ਅਤੇ ਕਿਸਮਾਂ

**ਪਾਠ ਦੀ ਬਣਤਰ :**

1.4.1 ਉਦੇਸ਼ (Objectives)
1.4.2 ਭੂਮਿਕਾ (Introduction)
1.4.3 ਸ਼ੁਗਲ ਜਾਂ ਸ਼ੌਕ ਦੀ ਮਹੱਤਤਾ (Importance of Hobbies)
1.4.4 ਸ਼ੁਗਲ ਜਾਂ ਸ਼ੌਕ ਦੀਆਂ ਕਿਸਮਾਂ (Types of Hobbies)
1.4.5 ਰਾਸ਼ਟਰੀ ਸੇਵਾ ਸਕੀਮ (National Service Scheme)
1.4.6 ਬਾਲ ਰੈੱਡ ਕਰਾਸ ਸੁਸਾਇਟੀ (Red Cross Society)
1.4.7 ਐਨ.ਸੀ.ਸੀ. (NCC)
1.4.8 ਸਕੂਲ ਸਭਾ (School Assembly)
1.4.9 ਸਕੂਲ ਸਭਾ ਦੀ ਯੋਜਨਾਬੰਦੀ
1.4.10 ਸਕੂਲ ਪ੍ਰਦਰਸ਼ਨੀ (School Exhibition)
1.4.11 ਸਕੂਲ ਪ੍ਰਕਾਸ਼ਨ
1.4.12 ਬੁਆਏ ਸਕਾਊਟਿੰਗ ਅਤੇ ਗਰਲ ਸਕਾਊਟਿੰਗ (Boy Scouting and Girl Scouting)
1.4.13 ਸਮਾਜ ਸੇਵਾ (Social Work)
1.4.14 ਸਾਰ
1.4.15 ਮੁੱਖ ਬਿੰਦੂ
1.4.16 ਸੁਝਾਏ ਗਏ ਪ੍ਰਸ਼ਨ (Suggested Questions)
1.4.17 ਸਵੈ ਮੁਲਾਂਕਣ ਲਈ ਪ੍ਰਸ਼ਨ (Question for Self Evaluation)
1.4.18 ਸੁਝਾਈਆਂ ਪੁਸਤਕਾਂ ਤੇ ਵੈਬ ਸੋਮੇ।

### 1.4.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਤੋਂ ਬਾਦ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ :

- ਭਲਾਈ ਸੇਵਾਵਾਂ ਕੀ ਹੁੰਦੀਆਂ ਹਨ?
- ਸ਼ੁਗਲ ਜਾਂ ਸ਼ੌਕ ਦੀ ਮਹੱਤਤਾ ਨੂੰ ਜਾਣ ਸਕਣ।
- ਵਿਹਲੇ ਸਮੇਂ ਨੂੰ ਕਿਵੇਂ ਬਤੀਤ ਕਰਨ।
- ਸ਼ੁਗਲ ਜਾਂ ਸ਼ੌਕ ਦੀਆਂ ਵੱਖਰੀਆਂ ਕਿਸਮਾਂ ਨੂੰ ਜਾਣ ਸਕਣ।

### 1.4.2 ਭੂਮਿਕਾ

ਵਿਅਕਤੀ ਦੇ ਜੀਵਨ ਵਿਚ ਸ਼ੁਗਲ ਜਾਂ ਸ਼ੌਕ ਬਹੁਤ ਮਹੱਤਤਾ ਰੱਖਦੇ ਹਨ। ਇਹ ਕਹਾਵਤ ਠੀਕ ਹੈ ਕਿ ਵਿਅਕਤੀ ਇਸ ਗੱਲ ਤੋਂ ਜਾਣਿਆ ਜਾਂਦਾ ਹੈ ਕਿ ਉਹ ਆਪਣਾ ਵਿਹਲਾ ਸਮਾਂ ਕਿਵੇਂ ਬਤੀਤ ਕਰਦਾ ਹੈ। ਕਿਸੇ ਵਿਅਕਤੀ ਦਾ ਜੀਵਨ ਬੇਕਾਰ ਹੋ ਜਾਂਦਾ ਹੈ ਜੇਕਰ ਉਸ ਕੋਲ ਰੁਝੇਵੇਂ ਲਈ ਕੋਈ ਸ਼ੌਕ ਨਾ ਹੋਵੇ ਵਿਸ਼ੇਸ਼ ਕਰਕੇ ਉਸ ਵੇਲੇ ਜਦੋਂ ਉਹ ਆਪਣੇ ਕੰਮ ਤੇ ਨਾ ਹੋਵੇ। ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ। ਜਦੋਂ ਵਿਅਕਤੀ ਵਡੇਰੀ ਉਮਰ ਵਿਚ ਸੇਵਾ ਮੁਕਤ ਹੋ ਜਾਂਦਾ ਹੈ।

ਬਹੁਤ ਸਾਰੇ ਸੇਵਾ ਮੁਕਤ ਵਿਅਕਤੀਆਂ ਨੂੰ ਇਸ ਗੱਲ ਤੇ ਦੁੱਖ ਪ੍ਰਗਟ ਕਰਦੇ ਹੋਏ ਸੁਣਿਆ ਜਾਂਦਾ ਹੈ ਕਿ ਅਸੀਂ

ਆਪਣਾ ਸਮਾਂ ਕਿਵੇਂ ਬਤੀਤ ਕਰੀਏ। ਇਹ ਅਵਸਥਾ ਅਸਲ ਵਿਚ ਵੱਡਾ ਦੁਖਾਂਤ ਹੈ। ਇਸ ਦਾ ਮਤਲਬ ਹੈ ਕਿ ਵਿਅਕਤੀ ਆਪਣੀਆਂ ਸ਼ਕਤੀਆਂ ਨੂੰ ਵਿਕਸਿਤ ਕਰਨ ਵਿਚ ਨਾ-ਕਾਮਯਾਬ ਰਿਹਾ ਅਤੇ ਉਸ ਨੇ ਆਪਣੇ ਜੀਵਨ ਕਾਲ ਨੂੰ ਢਿੱਲਾ ਹੀ ਰੱਖਿਆ ਹੈ। ਵਿਦਿਆਰਥੀਆਂ ਨੂੰ ਸਕੂਲਾਂ ਵਿਚ ਵਿਅਕਤੀ ਦੇ ਜੀਵਨ ਲਈ ਸ਼ੌਕ ਦੀ ਮਹੱਤਤਾ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ। ਵਿਦਿਆਰਥੀਆਂ ਦੁਆਰਾ ਚੁਣੇ ਗਏ ਸ਼ੌਕ ਮਨੋਰੰਜਕ ਵੀ ਹੋਣੇ ਚਾਹੀਦੇ ਹਨ ਅਤੇ ਵਿੱਦਿਅਕ ਵੀ ਹੋਣੇ ਚਾਹੀਦੇ ਹਨ।

**1.4.3 ਸ਼ੁਗਲ ਜਾਂ ਸ਼ੌਕ ਦੀ ਮਹੱਤਤਾ**

1. ਇਹ ਮਨੋਰੰਜਨ ਪ੍ਰਦਾਨ ਕਰਨ ਵਾਲੇ ਹੁੰਦੇ ਹਨ।
2. ਇਹ ਸੁਹਜ ਭਾਵਨਾ ਵਧਾਉਂਦੇ ਹਨ।
3. ਕਿਸ਼ੋਰ ਜਾਂ ਪ੍ਰੋੜ ਅਵਸਥਾ ਵਿਚ ਇਹ ਖੇਡਾਂ ਅਤੇ ਨਾਟਕ ਦਾ ਵਧੀਆ ਬਦਲ (Substitue) ਹਨ।
4. ਕਈ ਸ਼ੌਕ ਅਜਿਹੇ ਹੁੰਦੇ ਹਨ ਜਿਨ੍ਹਾਂ ਤੋਂ ਆਰਥਿਕ ਲਾਭ ਵੀ ਹੁੰਦੇ ਹਨ ਜਿਵੇਂ ਕਿ ਚਿੱਤਰਕਲਾ, ਟੋਕਰੀਆਂ ਬਣਾਉਣੀਆਂ, ਸਾਬਣ ਬਣਾਉਣਾ ਆਦਿ ਇਨ੍ਹਾਂ ਤੋਂ ਵਿਦਿਆਰਥੀਆਂ ਨੂੰ ਪੈਸਾ ਕਮਾਉਣ ਵਿਚ ਮਦਦ ਮਿਲਦੀ ਹੈ ਅਤੇ ਉਹਨਾਂ ਵਿਚ ਆਤਮ-ਵਿਸ਼ਵਾਸ ਤੇ ਸਵੈਮਾਨ ਦੀ ਭਾਵਨਾ ਪੈਦਾ ਹੁੰਦੀ ਹੈ।
5. ਇਹ ਸਕੂਲ ਦੇ ਅਟਕਾਊ ਕੰਮਾਂ ਤੋਂ ਛੁਟਕਾਰਾ ਦਿਵਾਉਂਦੇ ਹਨ।
6. ਜੇਕਰ ਇਕ ਵਿਦਿਆਰਥੀ ਯਾਤਰਾ ਕਰਨ ਦਾ ਸ਼ੌਕ ਅਪਣਾਉਂਦਾ ਹੈ ਤਾਂ ਉਸ ਨੂੰ ਵਿਦਿਅਕ ਇਤਿਹਾਸ ਅਤੇ ਭੂਗੋਲ ਦੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।
7. ਸ਼ੌਕ ਵਿਦਿਆਰਥੀ ਵਿਚ ਰਚਨਾਤਮਕ ਰੁਚੀ ਦਾ ਵਿਕਾਸ ਕਰਦਾ ਹੈ।

**1.4.4 ਸ਼ੁਗਲ ਜਾਂ ਸ਼ੌਕ ਦੀਆਂ ਕਿਸਮਾਂ**

ਸਕੂਲ ਦੇ ਵਿਦਿਆਰਥੀਆਂ ਦੇ ਮਾਰਗ-ਦਰਸ਼ਨ ਲਈ ਸ਼ੌਕ ਦੀਆਂ ਕੁੱਝ ਵਿਸ਼ੇਸ਼ ਕਿਸਮਾਂ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ।

1. ਵੱਖਰੇ-ਵੱਖਰੇ ਦੇਸ਼ਾਂ ਦੀਆਂ ਡਾਕ ਟਿਕਟਾਂ, ਤਸਵੀਰਾਂ, ਬੀਜ, ਫੁੱਲ ਅਤੇ ਪੱਤੇ ਆਦਿ ਇੱਕਠੇ ਕਰਨਾ।
2. ਸੰਗੀਤ ਗਾਉਣ ਅਤੇ ਸਾਜ਼
3. ਬਾਗਵਾਨੀ
4. ਚਿੱਤਰਕਲਾ
5. ਸਿਉਣਾ ਅਤੇ ਕਸ਼ੀਦਾਕਾਰੀ
6. ਸਾਬਣ ਬਣਾਉਣ ਅਤੇ ਮੋਮਬੱਤੀਆਂ ਤਿਆਰ ਕਰਨੀਆਂ
7. ਟੋਕਰੀਆਂ ਬਣਾਉਣੀਆਂ
8. ਜਿਲਦਾਂ ਬੰਨ੍ਹਣੀਆਂ
9. ਮਿੱਟੀ ਦੀਆਂ ਮੂਰਤੀਆਂ ਬਣਾਉਣਾ
10. ਖਿਡਾਉਣੇ ਬਣਾਉਣਾ
11. ਰੇਡਿਓ ਅਤੇ ਟੈਲੀਵਿਜ਼ਨ ਠੀਕ ਕਰਨਾ।
12. ਕਵਿਤਾਵਾਂ, ਲੇਖ ਅਤੇ ਛੋਟੀਆਂ ਕਹਾਣੀਆਂ ਲਿਖਣੀਆਂ।
13. ਵੱਖ-ਵੱਖ ਦੇਸ਼ਾਂ ਤੋਂ ਕਲਮ-ਦੋਸਤ ਬਣਾਉਣਾ।
14. ਚਮੜੇ ਦੇ ਕੰਮ, ਕੱਤਣਾ, ਬੁਣਨਾ ਅਤੇ ਸਵੈਟਰ ਬਣਾਉਣਾ ਆਦਿ।

**1.4.5 ਰਾਸ਼ਟਰੀ ਸੇਵਾ ਸਕੀਮ (National Service Scheme)**

ਮਾਨਵ ਵਿਕਾਸ ਵਸੀਲੇ ਮਨਿਸਟਰੀ ਦੇ ਯੁਵਕ ਮਾਮਲੇ ਅਤੇ ਸਪੋਰਟਸ ਵਿਭਾਗ ਵੱਲੋਂ 1991-92 ਦੀ ਰਿਪੋਰਟ ਵਿਚ ਰਾਸ਼ਟਰ-ਨਿਰਮਾਣ ਲਈ ਯੁਵਕ ਸ਼ਕਤੀ ਨੂੰ ਵਰਤਣ ਲਈ ਵਿਸਥਾਰ ਦਿੱਤੀ ਗਈ। ਰਾਸ਼ਟਰੀ ਸੇਵਾ ਸਕੀਮ ਅਧੀਨ ਸਮੁਦਾਇ ਵਿਕਾਸ ਦਾ ਕੰਮ ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੋਪਿਆ ਗਿਆ। ਇਸ ਰਾਸ਼ਟਰੀ ਸੇਵਾ ਸਕੀਮ ਅਧੀਨ ਵਿਦਿਆਰਥੀ ਸਰਕਾਰ ਵਿਦਿਆਰਥੀ ਨੈਸ਼ਨਲ ਲਿਟਰੇਸੀ ਮਿਸ਼ਨ ਵਿਚ ਵੀ ਯੋਗਦਾਨ ਪਾਉਣਗੇ। The motto of the N.S.S. "Not me but you". ਹੈ। ਇਸ ਐਨ.ਐਸ.ਐਸ. ਦਾ ਉਦੇਸ਼ ਇਸ Motto ਅਨੁਸਾਰ ਕੰਮ ਕਰਦਾ ਹੈ।

**ਰਾਸ਼ਟਰੀ ਸੇਵਾ ਸਕੀਮ ਦੇ ਉਦੇਸ਼**

1. ਵਿਦਿਆਰਥੀਆਂ ਵਿਚ ਸਮਾਜਿਕ ਚੇਤਨਾ ਉਜਾਗਰ ਕਰਨੀ।
2. ਵਿਦਿਆਰਥੀਆਂ ਵਿਚ ਹੱਥੀਂ ਕਿਰਤ ਕਰਨ ਦੀ ਰੁਚੀ ਵਿਕਸਿਤ ਕਰਨੀ ਭਾਵ ਹੱਥੀਂ ਕੰਮ ਕਰਨ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨੀ।
3. ਲੀਡਰਸ਼ਿਪ ਦੇ ਗੁਣਾਂ ਦਾ ਵਿਕਾਸ ਕਰਨਾ ਅਤੇ ਸਰਬਪੱਖੀ ਸ਼ਖਸੀਅਤ ਦਾ ਵਿਕਾਸ ਕਰਨਾ।
4. ਸਮਾਜਿਕ ਕਿਰਿਆਵਾਂ ਵਿਚ ਉਸਾਰੂ ਅਤੇ ਰਾਜਨੀਤਿਕ ਤੌਰ ਤੇ ਵਿਚਰਨ ਲਈ ਤਿਆਰ ਕਰਨਾ।

**ਰਾਸ਼ਟਰੀ ਸੇਵਾ ਸਕੀਮ ਦੀਆਂ ਕਿਰਿਆਵਾਂ ਜਾਂ ਪ੍ਰੋਗਰਾਮ :**

1. ਪਿੰਡ ਵਾਲਿਆਂ ਨੂੰ ਰੋਜ਼ਾਨਾ ਲੋੜੀਂਦੀ ਗੱਲਾਂ ਬਾਰੇ ਜਾਣਕਾਰੀ ਦੇਣਾ ਕਿ ਕਿਵੇਂ ਛੋਟੀਆਂ ਬੱਚਤਾਂ ਕਰਨੀਆਂ ਡਾਕਖਾਨੇ ਵਿਚ ਬੈਂਕ ਵਿਚ ਬਚਤ ਜਾਂ ਹੋਰ ਖਾਤੇ ਖੋਲਣਾ ਆਦਿਕ।
2. ਪਿੰਡ ਵਾਸੀਆਂ ਦਾ ਹਸਪਤਾਲ ਦੀ ਸਹਾਇਤਾ ਨਾਲ ਮੈਡੀਕਲ ਨਿਰੀਖਣ ਕਰਵਾਉਣਾ।
3. ਬਾਲਗ ਸਿੱਖਿਆ ਦੀ ਮਹੱਤਤਾ ਅਤੇ ਬਾਲਗ ਸਿੱਖਿਆ ਪ੍ਰਦਾਨ ਕਰਨੀ।
4. ਸਰਵ ਜਨਕ ਸੰਮਤੀ ਜਿਵੇਂ ਹਸਪਤਾਲ, ਸਕੂਲ ਅਤੇ ਪੰਚਾਇਤ ਘਰ ਆਦਿ ਇਮਾਰਤਾਂ ਦਾ ਨਿਰਮਾਣ ਕਰਨ ਵਿਚ ਸਹਾਇਤਾ ਪ੍ਰਦਾਨ ਕਰਨੀ।
5. ਸਭਿਆਚਾਰਕ ਪ੍ਰੋਗਰਾਮ ਦਾ ਪ੍ਰਬੰਧ ਕਰਨਾ।
6. ਦਰੱਖਤ ਲਗਾਉਣਾ ਤੇ ਉਹਨਾਂ ਦੀ ਸੰਭਾਲ ਅਤੇ ਮਹੱਤਤਾ ਬਾਰੇ ਜਾਣੂ ਕਰਵਾਉਣਾ।
7. ਪਿੰਡ ਵਾਸੀਆਂ ਅਤੇ ਵਲੰਟੀਅਰ ਵਿਚਕਾਰ ਸਪੋਰਟਸ ਮੁਕਾਬਲੇ ਕਰਵਾਉਣੇ।
8. ਦਹੇਜ ਪ੍ਰਥਾ ਅਤੇ ਬਾਲ ਮਜ਼ਦੂਰੀ ਬਾਰੇ ਜਾਗਰੂਕਤਾ ਪੈਦਾ ਕਰਨਾ।
9. ਜਨ-ਸੰਖਿਆਂ ਅਤੇ ਵਾਤਾਵਰਣ ਸਿੱਖਿਆ ਸੰਬੰਧੀ ਐਜੂਕੇਸ਼ਨਲ ਪ੍ਰੋਗਰਾਮ ਕਰਵਾਉਣਾ।
10. ਕਿਸਾਨਾਂ ਨੂੰ ਨਵੇਂ ਬੀਜਾਂ ਅਤੇ ਖੇਤੀਬਾੜੀ ਨਾਲ ਸਬੰਧਤ ਆਧੁਨਿਕਤਾ ਤੋਂ ਜਾਣੂ ਕਰਵਾਉਣਾ।
11. ਖੂਨਦਾਨ ਕੈਂਪਸ ਲਗਵਾਉਣੇ ਅਤੇ ਮਰੀਜ਼ਾਂ ਨੂੰ ਪੱਟੀਆਂ ਬੰਨਣਾਂ ਅਤੇ ਮਰੀਜ਼ਾਂ ਨੂੰ ਵੱਖ ਵੱਖ ਪ੍ਰਕਾਰ ਦੀ ਲੋੜੀਂਦੀ ਸਹਾਇਤਾ ਦੇਣਾ ਜਿਵੇਂ ਕਿ ਪੀਣ ਵਾਲੇ ਪਾਣੀ ਦਾ ਪ੍ਰਬੰਧ, ਦਵਾਈ ਖੁਰਾਕ, ਸਪਲਾਈ ਅਦਿਕ।
12. ਗਲੀਆਂ ਸੜਕਾਂ ਅਤੇ ਇਮਾਰਤਾਂ ਦੀ ਮੁਰਮੰਤ ਵਿਚ ਸਹਾਇਤਾ ਕਰਨਾ।

ਰਾਸ਼ਟਰੀ ਸੇਵਾ ਸਕੀਮ ਦੇ ਪ੍ਰੋਗਰਾਮਾਂ ਦਾ ਸੰਗਠਨ- ਐਨ. ਐਸ. ਐਸ. ਪ੍ਰੋਗਰਾਮਾਂ ਦਾ ਸੰਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ।

1. ਗਰੁੱਪਾਂ ਦਾ ਨਿਰਮਾਣ ਕਰਨਾ।
2. ਗਰੁੱਪ ਨੇਤਾਵਾਂ ਦੀ ਚੋਣ ਕਰਨੀ।
3. ਡਿਊਟੀਆਂ ਸੋਪਣੀਆਂ।
4. ਕੈਂਪ ਲਗਾਉਣ ਦਾ ਕੰਮ।

**ਵਿਦਿਆਰਥੀਆਂ ਵਿਚ ਸ਼ੌਕ ਦਾ ਵਿਕਾਸ ਕਰਨਾ**

ਵਿਅਕਤੀ ਦੀ ਜ਼ਿੰਦਗੀ ਵਿਚ ਸ਼ੌਕ ਦੀ ਮਹੱਤਤਾ ਨੂੰ ਦੇਖਦੇ ਹੋਏ, ਵਿਦਿਆਰਥੀਆਂ ਨੂੰ ਕੋਈ ਸ਼ੌਕ ਪਾਲਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਵਿਦਿਆਰਥੀ ਦੇ ਧਿਆਨ ਵਿਚ ਜ਼ਿਆਦਾ ਕਿਸਮ ਦੇ ਸ਼ੌਕ ਲਿਆਉਣੇ ਚਾਹੀਦੇ ਹਨ ਅਤੇ ਹਰ ਇਕ ਦੀ ਮਹੱਤਤਾ ਅਤੇ ਉਸ ਦੇ ਅਸਲੀ ਰੂਪ ਬਾਰੇ ਉਹਨਾਂ ਨੂੰ ਸਪੱਸ਼ਟ ਤੌਰ ਤੇ ਸੂਚਿਤ ਕਰ ਦੇਣਾ ਚਾਹੀਦਾ ਹੈ। ਫਿਰ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿਚ ਹੋਰ ਸੰਬੰਧਿਤ ਥਾਵਾਂ ਤੋਂ ਉਪਲਬੱਧ ਸੁਵਿਧਾਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਆਪਣੇ ਸ਼ੌਕ ਚੁਣਨ ਵਿਚ ਸਲਾਹ ਦੇਣੀ ਚਾਹੀਦੀ ਹੈ। ਚੁਣਿਆ ਹੋਇਆ ਸ਼ੌਕ ਵਿਦਿਆਰਥੀ ਦੇ ਸੁਭਾਅ ਅਤੇ ਕੁਸ਼ਲਤਾ ਅਨੁਸਾਰ ਹੋਵੇ। ਉਦਾਹਰਨ ਦੇ ਤੌਰ ਤੇ ਅਗਰ ਵਿਦਿਆਰਥੀ ਨੂੰ ਸੰਗੀਤ ਵਿਚ ਦਿਲਚਸਪੀ ਨਹੀਂ ਤਾਂ ਉਸ ਨੂੰ ਸੰਗੀਤ ਵਿਚ ਮਹਾਰਤ ਹਾਸਲ ਕਰਨ ਲਈ ਉਤਸ਼ਾਹਿਤ ਕਰਨਾ ਫਜ਼ੂਲ ਹੋਵੇਗਾ।

ਸ਼ੌਕ ਨੂੰ ਸਹਿਪਾਠਕ੍ਰਮੀ ਗਤੀਵਿਧੀਆਂ ਦਾ ਇਕ ਅੰਗ ਬਣਾਉਣ ਲਈ ਹਰ ਇਕ ਵਿਦਿਆਰਥੀ ਨੂੰ ਆਪਣੇ ਚੁਣੇ

ਹੋਏ ਸ਼ੌਕ ਲਈ ਕੋਈ ਨਾ ਕੋਈ ਕੰਮ ਕਰਨ ਲਈ ਸਕੂਲ ਦੇ ਸਮੇਂ ਵਿਚ ਹੀ ਕੁਝ ਸਮਾਂ ਦੇਣਾ ਚਾਹੀਦਾ ਹੈ। ਹਰ ਇਕ ਵਿਦਿਆਰਥੀ ਨੂੰ ਆਪਣੇ ਸ਼ੌਕ ਲਈ ਕਿਸੇ ਯੋਗ ਅਧਿਆਪਕ ਕੋਲੋਂ ਵਿਸ਼ੇਸ਼ ਮਾਰਗ ਦਰਸ਼ਨ ਲੈਣਾ ਚਾਹੀਦਾ ਹੁੰਦਾ ਹੈ। ਜੇਕਰ ਸਕੂਲ ਵਿਚ ਅਜਿਹਾ ਅਧਿਆਪਕ ਉਪਲਬੱਧ ਨਹੀਂ ਤਾਂ ਇਸ ਮੰਤਵ ਲਈ ਬਾਹਰੋਂ ਕਿਸੇ ਦੀ ਮਦਦ ਵੀ ਲਈ ਜਾ ਸਕਦੀ ਹੈ। ਵਿਦਿਆਰਥੀ ਦੁਆਰਾ ਚੁਣੇ ਗਏ ਸ਼ੌਕ ਲਈ ਸਕੂਲ ਨੂੰ ਜ਼ਰੂਰੀ ਪੈਸਾ ਮੁਹੱਈਆ ਵਿਕਰੀ ਦਾ ਲੇਖਾ ਜੋਖਾ ਧਿਆਨ ਵਿਚ ਰੱਖਣਾ ਚਾਹੀਦਾ ਹੈ।

### 1.4.6 ਬਾਲ ਰੈੱਡ ਕਰਾਸ ਸੁਸਾਇਟੀ

ਰੈੱਡ ਕਰਾਸ ਸੰਸਥਾ ਬਹੁਤ ਵੱਡੀ ਮਾਨਤਾ ਵਾਲੀ ਅੰਤਰ-ਰਾਸ਼ਟਰੀ ਸੰਸਥਾ ਹੈ। ਇਹ ਸੰਸਥਾ ਸੰਨ 1862 ਵਿਚ ਜਨੇਵਾ ਵਿਚ ਸਥਾਪਿਤ ਹੋਈ ਸੀ। ਇਸ ਦਾ ਮੁੱਖ ਮੰਤਵ ਦੁੱਖੀ ਲੋਕਾਂ ਦੀ ਸਹਾਇਤਾ ਕਰਨਾ ਹੈ। ਇਸ ਦਾ ਛੋਟਾ ਰੂਪ ਸਕੂਲਾਂ ਵਿਚ ਰੈੱਡ ਕਰਾਸ ਸੰਸਥਾ ਹੈ। ਪ੍ਰੰਤੂ ਇਹ ਦੁੱਖ ਦੀ ਗੱਲ ਹੈ ਕਿ ਬਹੁਤ ਘੱਟ ਸਕੂਲ ਹਨ ਜਿਨ੍ਹਾਂ ਵਿਚ ਇਹ ਸੰਸਥਾ ਮੌਜੂਦ ਹੈ। ਜਿਸ ਸਕੂਲ ਵਿਚ ਇਹ ਸੰਸਥਾ ਹੋਵੇ ਉੱਥੇ ਇਸ ਨੂੰ ਇਕ ਯੋਗ ਅਧਿਆਪਕ ਦੀ ਦੇਖ ਰੇਖ ਵਿਚ ਦੇਣਾ ਚਾਹੀਦਾ ਹੈ। ਜਿਸ ਨੂੰ ਕਿ ਸਿਹਤ ਅਤੇ ਮੁੱਢਲੀ ਸਹਾਇਤਾ ਆਦਿ ਬਾਰੇ ਪ੍ਰਾਰੰਭਕ ਜਾਣਕਾਰੀ ਹੋਵੇ। ਹਰ ਇਕ ਸਾਲ ਵਿਚ ਕੁਝ ਨਾ ਕੁਝ ਵਿਦਿਆਰਥੀ ਬਾਲ ਰੈੱਡ ਕਰਾਸ ਸੰਸਥਾ ਲਈ ਚੁਣੇ ਜਾਣੇ ਚਾਹੀਦੇ ਹਨ। ਇਸ ਸੰਸਥਾ ਦੇ ਹੇਠ ਲਿਖੇ ਤਿੰਨ ਮੁੱਖ ਮੰਤਵ ਹਨ :

1. ਸਕੂਲ ਵਿਚ ਵਿਦਿਆਰਥੀਆਂ ਦੀਆਂ ਛੋਟੀਆਂ ਬਿਮਾਰੀਆਂ ਦੀ ਦੇਖ-ਭਾਲ ਅਤੇ ਇਲਾਜ ਕਰਨਾ, ਜੇਕਰ ਸਕੂਲ ਵਿਚ ਕੋਈ ਵਿਦਿਆਰਥੀ ਬੀਮਾਰ ਹੋ ਜਾਵੇ ਤਾਂ ਸੰਸਥਾ ਦੇ ਆਗੂ ਜਾਂ ਕੁੱਝ ਵੱਡੇ ਮੈਂਬਰ ਬੀਮਾਰ ਬੱਚੇ ਦੇ ਘਰ ਜਾਂ ਕੇ ਉਸ ਦੇ ਮਾਤਾ ਪਿਤਾ ਦੀ ਸਹਾਇਤਾ ਨਾਲ ਜ਼ਰੂਰੀ ਕਾਰਜ ਕਰ ਸਕਣ। ਕਿਸੇ ਵੀ ਸੂਰਤ ਵਿਚ ਉਸ ਨੂੰ ਕਿਸੇ ਇਲਾਜ ਲਈ ਜ਼ਿੱਦ ਨਹੀਂ ਕਰਨਾ ਚਾਹੀਦੀ ਅਗਰ ਉਸ ਦੇ ਮਾਤਾ ਪਿਤਾ ਨੂੰ ਉਸ ਬਾਰੇ ਕੋਈ ਇਤਰਾਜ਼ ਹੋਵੇ।

ਪ੍ਰੰਤੂ ਜੋ ਬੀਮਾਰ ਬੱਚੇ ਦਾ ਮਾਤਾ ਪਿਤਾ ਚਾਹੁਣ ਉਸ ਲਈ ਉਹ ਆਪਣੀਆਂ ਸੇਵਾਵਾਂ ਖੁਸ਼ੀ ਨਾਲ ਦੇਣ ਲਈ ਤਿਆਰ ਹੋਵੇ। ਬਾਲ ਰੈੱਡ ਕਰਾਸ ਸੰਸਥਾ ਦੇ ਮੈਂਬਰ ਬੀਮਾਰ ਬੱਚੇ ਕੋਲ ਬੈਠਣ ਜਾਂ ਮਾਤਾ ਪਿਤਾ ਦੇ ਕਹਿਣ ਅਨੁਸਾਰ ਬਾਜ਼ਾਰ ਵਿਚੋਂ ਜ਼ਰੂਰੀ ਵਸਤਾਂ ਲਿਆਉਣ ਲਈ ਜਾਣਾ। ਉਹ ਜੋ ਕੁੱਝ ਵੀ ਕਰਨ ਉਸ ਨੂੰ ਲਿਖਦੇ ਰਹਿਣ ਅਤੇ ਉਸ ਸੰਬੰਧੀ ਅਧਿਆਪਕ ਨੂੰ ਦੱਸਣ। ਜਦੋਂ ਵੀ ਜ਼ਰੂਰਤ ਹੋਵੇ ਸਾਰੇ ਵਿਦਿਆਰਥੀਆਂ ਨੂੰ ਵਾਰੀ ਵਾਰੀ ਬੀਮਾਰ ਬੱਚਿਆਂ ਦੀ ਸੇਵਾ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਬਾਲ ਰੈੱਡ ਕਰਾਸ ਸੰਸਥਾ ਸਕੂਲ ਵਿਚ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਦੀ ਹੈ। ਅਗਰ ਕੋਈ ਖੇਡ ਦੇ ਮੈਦਾਨ ਵਿਚ ਜਾਂ ਸਕੂਲ ਦੇ ਅਦਾਰੇ ਵਿਚ ਜ਼ਖਮੀ ਹੋ ਜਾਂਦੇ ਹਨ, ਇਸ ਕੰਮ ਲਈ ਸਕੂਲ ਮੁੱਢਲੀ ਸਹਾਇਤਾ ਲਈ ਜ਼ਰੂਰੀ ਵਸਤਾਂ ਤਿਆਰ ਰੱਖੇਗਾ।

2. ਬਾਲ ਰੈੱਡ ਕਰਾਸ ਸੰਸਥਾਂ ਦਾ ਦੂਜਾ ਮੁੱਖ ਉਦੇਸ਼ ਹੈ, ਮੇਲਿਆਂ ਅਤੇ ਖੇਡਾਂ ਦੇ ਉਤਸਵ ਤੇ ਲੋਕਾਂ ਦੀ ਸਹਾਇਤਾ ਕਰਨਾ। ਸਕਾਊਟ ਲੜਕੇ ਅਤੇ ਲੜਕੀਆਂ ਵੀ ਇਸ ਪ੍ਰਕਾਰ ਦੀ ਸੇਵਾ ਕਰਦੇ ਹਨ ਪਰ ਉਹਨਾਂ ਨੂੰ ਮੁੱਢਲੀ ਸਹਾਇਤਾ (First Aid) ਦੀ ਜਾਣਕਾਰੀ ਨਹੀਂ ਹੁੰਦੀ।

3. ਬਾਲ ਰੈੱਡ ਕਰਾਸ ਸੰਸਥਾ ਦਾ ਤੀਜਾ ਉਦੇਸ਼ ਹੈ, ਸਕੂਲ ਅਦਾਰੇ ਵਿਚ ਸਫਾਈ ਰੱਖਣਾ ਅਤੇ ਸਕੂਲ ਵਿਚ ਵਿੱਦਿਆਰਥੀਆਂ ਦੀ ਸਿਹਤ ਠੀਕ ਰੱਖਣ ਲਈ ਵੱਧ ਤੋਂ ਵੱਧ ਕੰਮ ਕਰਨਾ। ਜਿਵੇਂ ਕਿ ਬਾਲ ਰੈੱਡ ਕਰਾਸ ਸੰਸਥਾ ਵਿਚ ਹਰ ਇਕ ਜਮਾਤ ਵਿਚੋਂ ਵਿਦਿਆਰਥੀ ਮੈਂਬਰ ਹਨ ਇਹ ਹਰ ਇਕ ਮੈਂਬਰ ਦਾ ਫਰਜ ਬਣ ਜਾਂਦਾ ਹੈ ਕਿ ਉਹ ਬੀਮਾਰ ਬੱਚਿਆਂ ਬਾਰੇ ਪਤਾ ਕਰਨ ਅਤੇ ਜੇਕਰ ਕੋਈ ਵਿਦਿਆਰਥੀ ਬੀਮਾਰ ਹੋਵੇ ਤਾਂ ਉਸ ਬਾਰੇ ਸੰਬੰਧਿਤ ਅਧਿਆਪਕ ਨੂੰ ਜ਼ਰੂਰੀ ਕਦਮ ਚੁੱਕਣ ਲਈ ਸੂਚਨਾ ਦੇਵੇ। ਇਸ ਤੋਂ ਇਲਾਵਾ ਮੈਂਬਰ ਵਿਦਿਆਰਥੀ ਸਕੂਲ ਦੇ ਅਦਾਰੇ ਤੇ ਕਲਾਸਾਂ ਦੇ ਅਦਾਰੇ ਤੇ ਕਲਾਸਾਂ ਦੇ ਕਮਰਿਆਂ, ਬਰਾਂਡੇ, ਪੁਸਤਕਾਲਿਆ, ਸਟੋਰ ਅਤੇ ਸ਼ੋਚ ਘਰ ਆਦਿ ਦੀ ਨਿਗਰਾਨੀ ਕਰਨਗੇ। ਜੇਕਰ ਉੱਥੇ ਕੋਈ ਅਜਿਹੀ ਚੀਜ਼ ਪਈ ਹੈ ਜਿਹੜੀ ਕਿ ਸਿਹਤ ਲਈ ਨੁਕਸਾਨਦੇਹ ਹੈ ਤਾਂ ਉਸ ਨੂੰ ਸਫਾਈ ਕਰਮਚਾਰੀਆਂ ਦੀ ਮਦਦ ਲਈ ਜਲਦ ਸਾਫ਼ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

ਉਪਰ ਦੱਸੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਬਾਲ ਰੈੱਡ ਕਰਾਸ ਸੰਸਥਾ ਵਿਦਿਆਰਥੀ ਦੇ ਚਰਿੱਤਰ ਦੇ ਮਨੁੱਖੀ ਪੱਖ ਤੇ ਵਿਸ਼ੇਸ਼ ਬਲ ਦਿੰਦੀ ਹੈ। ਸਕੂਲ ਵਿਚ ਬਾਲ ਰੈੱਡ ਕਰਾਸ ਸੰਸਥਾ ਬਣਾਉਣ ਦਾ ਮੁੱਢ ਉਦੇਸ਼ ਜ਼ਰੂਰਤਮੰਦ ਦੀ ਸਹਾਇਤਾ ਕਰਨੀ ਹੁੰਦੀ ਹੈ। ਇਸ ਤੋਂ ਇਲਾਵਾ ਇਹ ਸੰਸਥਾ ਸਿਹਤ ਦੇ ਵਿਕਾਸ ਲਈ ਸਿਹਤ ਸਮੱਸਿਆਵਾਂ ਸੰਬੰਧੀ

ਅਤੇ ਨਾਟਕ ਆਦਿ ਕਰਕੇ ਕੰਮ ਕਰਦੀ ਹੈ। ਜਦੋਂ ਕੋਈ ਛੂਤਛਾਤ ਦੀ ਬੀਮਾਰੀ ਫੈਲਦੀ ਹੈ ਤਾਂ ਇਹ ਸੰਸਥਾ ਉਸ ਨੂੰ ਰੋਕਣ ਲਈ ਸਰਕਾਰ ਜਾਂ ਮਿਊਂਸਪਿਲਟੀ ਤੇ ਸਿਹਤ ਵਿਭਾਗ ਦੀ ਮਦਦ ਕਰਦੀ ਹੈ। ਸਕੂਲ ਦੀ ਬਾਲ ਰੈੱਡ ਕਰਾਸ ਲਈ ਕਈ ਵਾਰ ਹਸਪਤਾਲਾਂ ਵਿਚ ਕੁਝ ਬੀਮਾਰਾਂ ਨੂੰ ਭੋਜਨ ਅਤੇ ਕੱਪੜੇ ਆਦਿ ਮੁੱਹਈਆ ਕਰਾ ਕੇ ਮਦਦ ਕਰਦੀ ਹੈ। ਇਹ ਸੰਸਥਾ ਸਕੂਲ ਵਿਚ ਵੀ ਗਰੀਬ ਬੱਚਿਆਂ ਨੂੰ ਕਿਤਾਬਾਂ ਖਰੀਦਣ ਵਿਚ ਅਤੇ ਉਹਨਾਂ ਦੀ ਫੀਸ ਦੇਣ ਵਿਚ ਮਦਦ ਕਰਦੀ ਹੈ।

ਰੈੱਡ ਕਰਾਸ ਮੁਹਿੰਮ ਜਾਤ ਪਾਤ, ਵੱਡੇ ਅਤੇ ਛੋਟੇ ਗਰੀਬ ਅਤੇ ਅਮੀਰ ਦੇ ਸਾਰੇ ਬੰਧਨਾਂ ਤੋਂ ਉਪਰ ਉੱਠ ਕੇ ਅਜਿਹੇ ਸਮਿਆਂ ਵਿਚ ਜਿਵੇਂ ਕਿ ਭੂਚਾਲ, ਹੜ, ਸੋਕਾ ਅਤੇ ਬੀਮਾਰੀਆਂ ਦੇ ਫੈਲਾਉ ਸਮੇਂ ਦੀ ਸਭ ਤੋਂ ਮਦਦ ਕਰਦੀ ਹੈ। ਇਹ ਸਭ ਦੀ ਇਕੋ ਤਰ੍ਹਾਂ ਮਦਦ ਕਰਦੀ ਹੈ। ਸੰਕਟ ਦੇ ਅਜਿਹੇ ਸਮੇਂ ਵਿਚ ਪੂਰੀ ਦੁਨੀਆਂ ਦੀ ਰੈੱਡ ਕਰਾਸ ਸੰਸਥਾ ਦਾ ਅਮਲ ਗਤੀ ਵਿਚ ਆ ਜਾਂਦੀ ਹੈ ਅਤੇ ਇਸ ਤਰ੍ਹਾਂ ਬਾਲ ਰੈੱਡ ਸੰਸਥਾ ਦੇ ਮੈਂਬਰਾਂ ਵਿਚ ਸਰਬ ਵਿਆਪਕ ਭਾਈਚਾਰੇ ਦੀ ਭਾਵਨਾ ਪੈਦਾ ਕਰਦੀ ਹੈ। ਇਸ ਲਈ ਮੁੱਖ ਅਧਿਆਪਕ ਅਤੇ ਅਧਿਆਪਕਾਂ ਨੂੰ ਸਰਵ ਵਿਆਪਕ ਭਾਈਚਾਰੇ ਦੀ ਭਾਵਨਾ ਉਤਪੰਨ ਕਰਨ ਲਈ ਸਕੂਲ ਵਿਚ ਬਾਲ ਰੈੱਡ ਕਰਾਸ ਸੰਸਥਾਵਾਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ।

### 1.4.7 ਐਨ.ਸੀ.ਸੀ. (NCC)

ਨੈਸ਼ਨਲ ਕੈਡਿਟ ਕੋਰਪ ਦੀ ਛੁੱਟੀ ਐਨ. ਸੀ. ਸੀ. ਹੈ। ਭਾਰਤ ਸਰਕਾਰ ਨੇ ਸਾਰੇ ਹਾਇਰ ਸੰਕੈਡਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਐਨ. ਸੀ. ਸੀ. ਦੀ ਸਿਖਲਾਈ ਸ਼ੁਰੂ ਕੀਤੀ ਹੈ। ਸਿਖਲਾਈ ਦਾ ਮੁੱਖ ਉਦੇਸ਼ ਹੈ ਆਤਮ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨੀ। ਜਦੋਂ ਸੰਕਟ ਪਵੇ ਤਾਂ ਆਪਣੀ ਮਾਤ-ਭੂਮੀ ਦੀ ਰੱਖਿਆ ਲਈ ਤਿਆਰ ਰਹਿਣਾ ਹੈ। ਇਹ ਸੰਸਥਾ ਰਾਹੀ ਇਕ ਕਿਸਮ ਦੀ ਫੌਜੀ ਸਿਖਲਾਈ ਦਿੱਤੀ ਜਾਂਦੀ ਹੈ। ਐਨ. ਸੀ. ਸੀ. ਲੜਕੇ ਅਤੇ ਲੜਕੀਆਂ ਦੋਹਾਂ ਲਈ ਹੀ ਹੈ। ਇਹ ਬਹੁਤ ਵੱਡੀ ਸੰਸਥਾ ਹੈ ਅਤੇ ਇਸ ਦਾ ਜਾਲ ਸਾਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਭਾਰਤ ਸਰਕਾਰ ਹਰ ਸਾਲ ਵਿਚ ਸੰਗਠਨ ਉਪਰ ਕਰੋੜਾ ਰੁਪਏ ਖਰਚ ਕਰਦੀ ਹੈ। ਥਲ, ਸਮੁੰਦਰੀ ਅਤੇ ਹਵਾਈ ਸੈਨਾ ਵਿਚੋਂ ਜ਼ਰੂਰਤ ਮੁਤਾਬਿਕ ਅਧਿਕਾਰੀ ਇਸ ਸੰਗਠਨ ਨੂੰ ਚਲਾਉਣ ਲਈ ਦਿੱਤੇ ਜਾਂਦੇ ਹਨ। ਇਸ ਮੁਤਾਬਿਕ ਐਨ. ਸੀ. ਸੀ. ਤੇ ਤਿੰਨ ਵਿਭਾਗ ਹਨ :

1. ਥਲ ਸੈਨਾ
2. ਹਵਾਈ ਸੈਨਾ
3. ਸਮੁੰਦਰੀ ਸੈਨਾ

ਹਰ ਇਕ ਵਿਭਾਗ ਦੇ ਲਈ ਅਲੱਗ-ਅਲੱਗ ਵਰਦੀ ਤੇ ਝੰਡੇ ਹੁੰਦੇ ਹਨ ਜਿਹੜੇ ਕਿ ਵੱਖਰੇ ਸਮਾਗਮਾਂ ਦੇ ਤਿਰੰਗੇ ਝੰਡੇ ਦੇ ਨਾਲ ਲਹਿਰਾਏ ਜਾਂਦੇ ਹਨ। ਵੱਖਰੀਆਂ ਸੈਨਾਵਾਂ ਤੋਂ ਲਏ ਗਏ ਅਧਿਕਾਰੀ ਆਮ ਤੌਰ ਤੇ ਦੋ ਸਾਲ ਲਈ ਇਕ ਸੰਗਠਨ ਵਿਚ ਕੰਮ ਕਰਦੇ ਹਨ। ਕਈ ਵਾਰ ਵਿਸ਼ੇਸ਼ ਹਾਲਤਾਂ ਵਿਚ ਇਹ ਸਮਾਂ ਵਧਾਇਆ ਜਾਂਦਾ ਹੈ ਅਤੇ ਕਈ ਵਾਰ ਇਸ ਨੂੰ ਪੰਜ ਸਾਲ ਤਕ ਵੀ ਕਰ ਦਿੱਤਾ ਜਾਂਦਾ ਹੈ। ਐਨ. ਸੀ. ਸੀ. ਦੇ ਹਰ ਇਕ ਭਾਗ ਵਿਚ ਇਕ ਕਮਾਨ ਅਫ਼ਸਰ ਹੁੰਦਾ ਹੈ ਜਿਸ ਦੇ ਥੱਲੇ ਕਈ ਮੇਜਰ, ਕੈਪਟਨ ਸੂਬੇਦਾਰ ਮੇਜਰ, ਸੂਬੇਦਾਰ ਨਾਇਬ ਸੂਬੇਦਾਰ ਅਤੇ ਹੋਰ ਕਰਮਚਾਰੀ ਕੰਮ ਕਰਦੇ ਹਨ।

ਐਨ. ਸੀ. ਸੀ. ਦਾ ਹਰ ਇਕ ਭਾਗ ਥਲ, ਹਵਾਈ ਅਤੇ ਸਮੁੰਦਰੀ ਆਪਣੇ ਖੇਤਰ ਦੇ ਸਕੂਲਾਂ ਵਿਚੋਂ ਵਿਦਿਆਰਥੀਆਂ ਨੂੰ ਜ਼ਰੂਰੀ ਸਿਖਲਾਈ ਦੇਣ ਲਈ ਭਰਤੀ ਕਰਦਾ ਹੈ। ਸਿਖਲਾਈ ਦੌਰਾਨ ਵਿਦਿਆਰਥੀਆਂ ਵਿਚ ਲੋੜੀਦੇ ਗੁਣ ਉਤਪੰਨ ਕਰਨ ਲਈ ਭਾਸ਼ਣ ਵੀ ਕਰਵਾਏ ਜਾਂਦੇ ਹਨ। ਸਮੇਂ-ਸਮੇਂ ਸਿਰ ਵਿਦਿਆਰਥੀਆਂ ਦੀ ਪ੍ਰੀਖਿਆ ਵੀ ਲਈ ਜਾਂਦੀ ਹੈ। ਇਹ ਪਰੇਡਾਂ ਇਸ ਢੰਗ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ ਕਿ ਸਕੂਲ ਦੀ ਪੜ੍ਹਾਈ ਵਿਚ ਵਿਘਨ ਨਾ ਪਵੇ, ਲੰਬੀਆਂ ਛੁੱਟੀਆਂ ਵਿਚ ਕੈਂਪ ਲਗਾਏ ਜਾਂਦੇ ਹਨ, ਜਿੱਥੋਂ ਕਿ ਵਿਦਿਆਰਥੀ ਸਮਾਜਕ ਸਹਿਯੋਗ, ਹਮਦਰਦੀ ਅਤੇ ਆਤਮ ਅਨੁਸ਼ਾਸ਼ਨ ਬਾਰੇ ਸਿੱਖਦੇ ਹਨ। ਕੌਮੀ ਦਿਵਸ ਜਿਵੇਂ ਕਿ ਆਜ਼ਾਦੀ ਦਿਵਸ ਦੇ ਗਣਤੰਤਰ ਦਿਵਸ ਦੀ ਪਰੇਡ ਲਈ ਸਾਰੇ ਦੇਸ਼ ਵਿਚੋਂ ਐਨ. ਸੀ. ਸੀ. ਦੀਆਂ ਟੀਮਾਂ ਭੇਜੀਆਂ ਜਾਂਦੀਆਂ ਹਨ ਅਤੇ ਇਹ ਸਮਾਗਮ ਵਿਚ ਜੋ ਉਹਨਾਂ ਨੇ ਸਾਰੇ ਸਾਲ ਦੀ ਸਿਖਲਾਈ ਦੌਰਾਨ ਜਾਂ ਸਿੱਖਿਆ ਹੁੰਦਾ ਹੈ ਉਸ ਨੂੰ ਪ੍ਰਦਰਸ਼ਨ ਕਰਦੇ ਹਨ। ਵੱਖ ਵੱਖ ਟੀਮਾਂ ਜਿਹੜੀਆਂ ਕਿ ਦੇਸ਼ ਦੇ ਵੱਖਰੇ ਵੱਖਰੇ ਕੋਨਿਆਂ ਤੋਂ ਆਉਂਦੀਆਂ ਹਨ, ਦੋ ਮੁਕਾਬਲੇ ਕਰਵਾਏ ਅਤੇ ਜੇਤੂ ਟੀਮ ਨੂੰ ਇਨਾਮ ਦਿੱਤੇ ਜਾਂਦੇ ਹਨ।

ਕਈ ਮਾਪੇ ਆਪਣੇ ਬੱਚਿਆ ਨੂੰ ਐਨ. ਸੀ. ਸੀ. ਦੀ ਸਿਖਲਾਈ ਦੇਣ ਤੋਂ ਗੁਰੇਜ਼ ਕਰਦੇ ਹਨ। ਉਹ ਸੋਚਦੇ ਹਨ ਕਿ ਉਹਨਾਂ ਦੇ ਬੱਚਿਆਂ ਦਾ ਬਹੁਤ ਸਾਰਾ ਸਮਾਂ ਇਸ ਕੰਮ ਵਿਚ ਜਾਇਆ ਜਾਂਦਾ ਹੈ। ਲੜਕੀਆਂ ਦੇ ਮਾਪੇ ਵਿਸ਼ੇਸ਼ ਤੌਰ ਤੇ ਇਸ ਸਿਖਲਾਈ ਦੇ ਖਿਲਾਫ਼ ਹਨ ਕਿਉਂਕਿ ਉਹ ਸੋਚਦੇ ਹਨ ਕਿ ਅਜਿਹੀ ਸਿਖਲਾਈ ਉਹਨਾਂ ਦੀਆਂ ਧੀਆਂ ਦੇ ਇਸਤਰੀ ਪੁਣੇ ਨੂੰ ਨਸ਼ਟ ਕਰ ਦੇਵੇਗੀ। ਇਸ ਲਈ ਇਹ ਅਧਿਆਪਕਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਬੱਚਿਆਂ ਦੇ ਮਾਪਿਆ

ਵਿਚ ਐਨ. ਸੀ. ਸੀ. ਦੀ ਸਿਖਲਾਈ ਵਾਲੇ ਫਾਈਦੇ ਪ੍ਰਤੀ ਚੇਤੰਨਤਾ ਲਿਆਉਣ। ਉਹਨਾਂ ਵਿਚ ਕਿਸੇ ਪ੍ਰਕਾਰ ਦੀ ਗਲਤ ਧਾਰਨਾ ਨੂੰ ਖ਼ਤਮ ਕਰਨਾ ਚਾਹੀਦਾ ਹੈ।

### 1.4.8 ਸਕੂਲ ਸਭਾ

ਸਕੂਲ ਸਭਾ ਸਹਿਪਾਠਕ੍ਰਮੀ ਵਿਧੀਆਂ ਦਾ ਇਹ ਬਹੁਤ ਹੀ ਜ਼ਰੂਰੀ ਹਿੱਸਾ ਹੈ। ਇਸ ਤਰ੍ਹਾਂ ਇਹ ਕਹਿ ਸਕਦੇ ਹਾਂ ਕਿ ਸਕੂਲ ਸਭਾ ਦੇ ਪ੍ਰੋਗਰਾਮ ਵਿਚੋਂ ਬਹੁਤ ਸਾਰੀਆਂ ਹੋਰ ਸਰਗਰਮੀਆਂ ਸ਼ੁਰੂ ਹੁੰਦੀਆਂ ਹਨ। ਸਕੂਲ ਸਭਾ ਸਮਾਜਕ ਸਹਿਯੋਗ ਉਤਪੰਨ ਕਰਦੀ ਹੈ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਕੂਲ ਵਿਚ ਇਕ ਸਮੇਂ ਇਕੱਤਰ ਹੋਣ ਨਾਲ ਸਕੂਲ ਪ੍ਰਤੀ ਵਫਾਦਾਰੀ ਦੀ ਭਾਵਨਾ ਉੱਨਤ ਹੁੰਦੀ ਹੈ। ਬਹੁਤ ਸਕੂਲਾਂ ਦੀ ਇਹ ਆਮ ਰਵਾਇਤ ਹੈ ਕਿ ਦਿਨ ਦਾ ਕੰਮ ਕਰਨ ਤੋਂ ਪਹਿਲਾਂ ਸਵੇਰ ਦੀ ਪ੍ਰਾਰਥਨਾ ਲਈ ਇੱਕਠੇ ਹੁੰਦੇ ਹਨ। ਇਸ ਸਭਾ ਵਿਚ ਮੁੱਖ ਅਧਿਆਪਕ ਜਾਂ ਕੋਈ ਹੋਰ ਅਧਿਆਪਕ ਸਾਂਝੇ ਕੰਮ ਜਾਂ ਉਦੇਸ਼ ਬਾਰੇ ਸੂਚਨਾ ਦੇ ਸਕਦਾ ਹੈ। ਸਕੂਲ ਸਭਾ ਦਾ ਆਯੋਜਨ ਕਿਸੇ ਚੰਗੇ ਉਦੇਸ਼ ਲਈ ਹੋਣਾ ਚਾਹੀਦਾ ਹੈ ਜਿਵੇਂ ਕਿ ਨਿਮਨ ਅਨੁਸਾਰ ਦਰਸਾਇਆ ਗਿਆ ਹੈ।

ਸਕੂਲ ਸਭਾ ਦਾ ਪਹਿਲਾਂ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਧਾਰਮਿਕ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਪ੍ਰਫੁਲਿਤ ਕਰਨਾ ਹੈ। ਧਾਰਮਿਕ ਭਾਵਨਾਵਾਂ ਵਿਚ ਕੀਤੀ ਜਾਣ ਵਾਲੀ ਪ੍ਰਾਰਥਨਾ ਅਤੇ ਪਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸੰਪ੍ਰਦਾਇਕ ਨਹੀਂ ਹੋਣਾ ਚਾਹੀਦਾ। ਅਗਰ ਅਜਿਹਾ ਕਰਨਾ ਸੰਭਵ ਨਾ ਹੋਵੇ ਤਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਦੇਸ਼ ਭਗਤੀ ਦੀ ਜਜ਼ਬਾ ਭਰਨ ਲਈ ਕੌਮੀ ਗੀਤ ਗਾਉਣਾ ਚਾਹੀਦਾ ਹੈ। ਇਹ ਗੀਤ ਦੇਸ਼ ਦੇ ਕਿਸੇ ਮਹਾਨ ਵਿਅਕਤੀ ਬਾਰੇ ਹੋ ਸਕਦਾ ਹੈ। ਪ੍ਰਾਰਥਨਾਂ ਜਾਂ ਗੀਤ ਦੇ ਨਾਲ ਸੰਗੀਤ ਵੀ ਹੋਣਾ ਚਾਹੀਦਾ ਹੈ ਜਿਹੜਾ ਕਿ ਸਿਰਫ ਜੰਤਰਿਕ ਹੀ ਨਾ ਹੋਵੇ ਬਲਕਿ ਭਾਵਨਾਤਮਕ ਹੋਵੇ।

ਸਭ ਦਾ ਦੂਸਰਾ ਉਦੇਸ਼ ਦਿਨ ਵਿਚ ਕੀਤੇ ਜਾਣ ਵਾਲੇ ਕੰਮਾਂ ਦੀ ਘੋਸ਼ਣਾ ਬਾਰੇ ਹੋ ਸਕਦਾ ਹੈ। ਬਹੁਤ ਸਾਰੇ ਸਕੂਲ ਇਮਤਿਹਾਨ ਵਾਲੇ ਦਿਨਾਂ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਕ ਸਮੇਂ ਇਕੱਠਾ ਕਰਨਾ ਚਾਹੁੰਦੇ ਹਨ ਤਾਂ ਕਿ ਇਮਤਿਹਾਨ ਬਾਰੇ ਜ਼ਰੂਰੀ ਹਦਾਇਤਾਂ ਅਤੇ ਪੂਰੇ ਦਿਨ ਦੀ ਸਮਾਂ-ਸਾਰਣੀ ਬਾਰੇ ਦੱਸਿਆ ਜਾ ਸਕੇ। ਇਸ ਤੋਂ ਇਲਾਵਾ ਅਜਿਹੀਆਂ ਸਭਾਵਾਂ ਵਿਚ ਵਿਸ਼ੇਸ਼ ਸਮਾਰੋਹਾਂ, ਚੁਣਾਉ, ਟੂਰਨਾਮੈਂਟ, ਭਾਸ਼ਣ, ਛੁੱਟੀਆਂ ਅਤੇ ਰੋਜ਼ਾਨਾ ਪ੍ਰੋਗਰਾਮਾਂ ਵਿਚ ਤਬਦੀਲੀ ਬਾਰੇ ਸਾਰ ਸੰਬੰਧਿਤ ਵਿਅਕਤੀਆਂ ਨੂੰ ਦੱਸਿਆ ਜਾ ਸਕਦਾ ਹੈ।

ਇਸ ਦਾ ਤੀਜਾ ਉਦੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਦੇ ਨਿਯਮ ਅਤੇ ਆਮ ਉਦੇਸ਼ਾਂ ਬਾਰੇ ਜਾਣਕਾਰੀ ਦੇਣਾ, ਜਿਸ ਨਾਲ ਉਹਨਾਂ ਵਿਚ ਸਮਾਜਕ ਭਾਵਨਾ ਉਤਪੰਨ ਕੀਤੀ ਜਾਵੇ, ਹੋ ਸਕਦਾ ਹੈ ਇਸ ਭਾਵਨਾ ਦਾ ਵਿਕਾਸ ਵੈਸੇ ਸੰਭਵ ਨਹੀਂ ਕਿਉਂਕਿ ਜਮਾਤਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ ਅਤੇ ਸਾਰੇ ਵਿਦਿਆਰਥੀ ਇਕੋ ਸਮੇਂ ਇਕੱਠੇ ਨਹੀਂ ਹੁੰਦੇ। ਇਕ ਚੰਗਾ ਸਕੂਲ ਆਪਣੀ ਸਭਾ ਦੁਆਰਾ ਇਹ ਸਭ ਕਰਦਾ ਹੈ।

ਸਕੂਲ ਸਭਾ ਨੂੰ ਰਾਸ਼ਟਰ ਸੰਬੰਧੀ ਅਤੇ ਅੰਤਰਰਾਸ਼ਟਰੀ ਮਸਲਿਆਂ ਤੋਂ ਹੋਣ ਵਾਲੇ ਨਤੀਜਿਆਂ ਬਾਰੇ ਜਾਣਕਾਰੀ ਅਤੇ ਖ਼ਬਰਾਂ ਪ੍ਰਦਾਨ ਕਰਨ ਦਾ ਸਾਧਨ ਵੀ ਬਣਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਵਿਸ਼ੇਸ਼ ਸਹਿਪਾਠਕ੍ਰਮੀ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨ ਵਾਸਤੇ ਵੀ ਸਭਾ ਨੂੰ ਵਰਤਿਆ ਜਾ ਸਕਦਾ ਹੈ। ਜੇਕਰ ਵਿਦਿਆਰਥੀਆਂ ਦੀ ਪਾਠਕ੍ਰਮ ਅਤੇ ਸਹਿਪਾਠਕ੍ਰਮ ਖੇਤਰਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਨੂੰ ਸਕੂਲ ਸਭਾਵਾਂ ਦੁਆਰਾ ਪ੍ਰਚਾਰਿਆ ਜਾਵੇ ਤਾਂ ਇਹ ਵਿਦਿਆਰਥੀਆਂ ਦੇ ਉਪਰ ਬਹੁਤ ਚੰਗਾ ਪ੍ਰਭਾਵ ਪਾਉਂਦਾ ਹੈ। ਸਕੂਲ ਸਭਾਵਾਂ ਵਿਚ ਪ੍ਰਾਪਤੀਆਂ ਕਰਨ ਵਾਲੀਆਂ ਦੇ ਅਜਿਹੇ ਪ੍ਰਚਾਰ ਨਾਲ ਉਹਨਾਂ ਨੂੰ ਬਹੁਤ ਮਹੱਤਤਾ ਮਿਲਦੀ ਹੈ। ਕਿਉਂਕਿ ਉਹ ਸੋਚਦੇ ਹਨ ਕਿ ਉਹਨਾਂ ਨੂੰ ਵਧੀਆ ਮਾਨਤਾ ਪ੍ਰਾਪਤ ਹੋਈ ਹੈ। ਉਹ ਪ੍ਰੇਰਿਤ ਅਨੁਭਵ ਕਰਦੇ ਹਨ।

ਸਕੂਲ ਸਭਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਹੱਤਵਪੂਰਨ ਮਸਲਿਆਂ ਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਅੱਗੇ ਆਉਣ ਦਾ ਮੌਕਾ ਵੀ ਪ੍ਰਦਾਨ ਕਰਦੀ ਹੈ। ਇਸ ਨਾਲ ਉਹਨਾਂ ਵਿਚ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਹੁੰਦੀ ਹੈ। ਜਿਹੜੀ ਕਿ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਵਿਚ ਉਹਨਾਂ ਦੇ ਕੰਮ ਆਉਂਦੀ ਹੈ। ਜਿਹੜੇ ਵਿਦਿਆਰਥੀ ਅਜਿਹੇ ਪ੍ਰੋਗਰਾਮਾਂ ਨੂੰ ਧਿਆਨ ਪੂਰਵਕ ਸੁਣਦੇ ਹਨ ਉਹਨਾਂ ਵਿਚ ਸਮੂਹ ਅੰਤਰ-ਅਨੁਸ਼ਾਸ਼ਨਮਈ ਢੰਗ ਨਾਲ ਵਰਤਾਉ ਕਰਨ ਦੀ ਸਹੀ ਆਦਤ ਵੀ ਵਿਕਸਿਤ ਹੁੰਦੀ ਹੈ।

ਸਕੂਲ ਸਭਾ ਦੇ ਪ੍ਰਬੰਧਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਦਿਆਰਥੀ ਸਭਾ ਵਿਚ ਚੰਗੇ ਤਰੀਕੇ ਨਾਲ ਆਉਣ ਤੇ ਜਾਣ, ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਵਿਦਿਆਰਥੀ ਸਭਾ ਵਿਚ ਕਿਸੇ ਕਿਸਮ ਦੀ ਸ਼ਰਾਰਤ

ਜਾਂ ਫਾਲਤੂ ਗੱਲਬਾਤ ਨਾ ਕਰੇ।

### 1.4.9 ਸਕੂਲ ਸਭਾ ਦੀ ਯੋਜਨਾਬੰਦੀ

ਸਕੂਲ ਸਭਾ ਦਾ ਸੰਗਠਨ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਸਹਿਯੋਗੀ ਢੰਗ ਨਾਲ ਹੋਣਾ ਚਾਹੀਦਾ ਹੈ। ਸਕੂਲ ਸਭਾ ਦੇ ਪ੍ਰੋਗਰਾਮ ਸਕੂਲ ਦਾ ਭਿੰਨ ਭਿੰਨ ਖੇਤਰਾਂ ਵਿਚ ਹੋ ਰਹੇ ਕੰਮ ਨੂੰ ਦਰਸਾਵੇ। ਸਮੇਂ ਸਮੇਂ ਸਿਰ ਬਾਹਰਲੇ ਸੰਗੀਤਕਾਰ ਬੁਲਾ ਕੇ, ਸਮਾਜਕ ਨੇਤਾ ਅਤੇ ਕਲਾਕਾਰਾਂ ਨੂੰ ਬੁਲਾ ਕੇ, ਉਹਨਾਂ ਦੇ ਪ੍ਰੋਗਰਾਮ ਅਤੇ ਭਾਸ਼ਣ ਆਦਿ ਕਰਵਾਉਣੇ ਚਾਹੀਦੇ ਹਨ। ਇਸ ਤਰ੍ਹਾਂ ਪ੍ਰੋਗਰਾਮ ਕਰਨ ਨਾਲ ਵਿਦਿਆਰਥੀਆਂ ਨੂੰ ਬਹੁਤ ਉਤਸਾਹ ਮਿਲਦਾ ਹੈ। ਜਦੋਂ ਕੋਈ ਵੀ ਵਿਅਕਤੀ ਬਾਹਰੋਂ ਬੁਲਾਉਣਾ ਹੋਵੇ ਤਾਂ ਸੰਸਥਾ ਦੇ ਮੁੱਖੀ ਦੀ ਆਗਿਆ ਜ਼ਰੂਰੀ ਲੈਣੀ ਚਾਹੀਦੀ ਹੈ। ਇਹ ਵੀ ਬਹੁਤ ਲਾਭਦਾਇਕ ਹੋਵੇਗਾ ਜੇਕਰ ਕਦੇ ਕਦੇ ਅੰਤਰ ਸਕੂਲ ਜਾਂ ਅੰਤਰ ਕਾਲਜ ਭਾਸ਼ਣ ਮੁਕਾਬਲੇ ਅਤੇ ਸੰਗੀਤ ਪ੍ਰੋਗਰਾਮ ਸਭਾ ਵਿਚ ਕਰਵਾਏ ਜਾਣ ਸਕੂਲ ਸਭਾ ਮਹੀਨੇ ਵਿਚ ਇਕ ਜਾਂ ਦੋ ਵਾਰੀ ਜਾਂ ਜਦੋਂ ਪ੍ਰਿੰਸੀਪਲ ਚਾਹੇ ਕਰਵਾਈ ਜਾ ਸਕਦੀ ਹੈ। ਲੇਕਿਨ ਇਸ ਦਾ ਵਾਰ ਵਾਰ ਹੋਣਾ ਲਾਭਕਾਰੀ ਨਹੀਂ ਹੋਵੇਗਾ। ਪ੍ਰਿੰਸੀਪਲ ਚਾਹੇ ਕਾਰਵਾਈ ਜਾ ਸਕਦੀ ਹੈ। ਲੇਕਿਨ ਇਸਦਾ ਵਾਰ ਵਾਰ ਹੋਣਾ ਲਾਭਕਾਰੀ ਨਹੀਂ ਹੋਵੇਗਾ। ਪ੍ਰਿੰਸੀਪਲ ਨੂੰ ਵਿਦਿਆਰਥੀਆਂ ਦੀਆਂ ਕਮਜ਼ੋਰੀਆਂ ਬਾਰੇ ਨਹੀਂ ਬੋਲਣਾ ਚਾਹੀਦਾ। ਉਸ ਨੂੰ ਇਸ ਗੱਲ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਕਿ ਉਹ ਆਮ ਗੱਲਾਂ ਦੀਆਂ ਸੂਚਨਾਵਾਂ ਦੇਣ ਵਿਚ ਆਪ ਜ਼ਿਆਦਾ ਸਮਾਂ ਨਾ ਲਗਾਵੇ। ਸਭਾ ਦਾ ਮੰਤਵ ਵਿਦਿਆਰਥੀਆਂ ਨੂੰ ਜਾਣਕਾਰ ਤੇ ਉਤਸ਼ਾਹ ਦੇਣਾ ਹੀ ਹੁੰਦਾ ਹੈ। ਇਸ ਲਈ ਜਿਹੜੇ ਅਧਿਆਪਕ ਤੇ ਵਿਦਿਆਰਥੀ ਇਸ ਵਿਚ ਭਾਗ ਲੈਣਗੇ ਉਹਨਾਂ ਨੂੰ ਚੰਗੀ ਤਿਆਰੀ ਕਰਨੀ ਚਾਹੀਦੀ ਹੈ।

### 1.4.10 ਸਕੂਲ ਪ੍ਰਦਰਸ਼ਨੀ

ਸਕੂਲ ਪ੍ਰਦਰਸ਼ਨੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣਾ ਵਧੀਅਪਣ ਦੂਜਿਆਂ ਦੇ ਸਾਹਮਣੇ ਪ੍ਰਦਰਸ਼ਨ ਕਰਨ ਦਾ ਅਤੇ ਆਪੋ ਵਿਚ ਮੁਕਾਬਲੇ ਦਾ ਮੌਕਾ ਪ੍ਰਦਾਨ ਕਰਦੀ ਹੈ। ਪੂਰੀ ਜਮਾਤ ਦੀਆਂ ਜਾਂ ਕਿਸੇ ਇਕ ਵਿਦਿਆਰਥੀ ਦੀਆਂ ਵੱਖਰੇ ਵੱਖਰੇ ਵਿਸ਼ਿਆਂ ਵਿਚ ਜਿਵੇਂ ਕਿ ਭਾਸ਼ਾ ਗਣਿਤ, ਇਤਿਹਾਸ, ਭੂਗੋਲ, ਨਾਗਰਿਕਤਾ, ਡਰਾਇੰਗ, ਸਿਊਣਾ ਕੱਢਣਾ, ਚਿੱਤਰਕਲਾ, ਬੁਣਨਾ, ਕੱਤਣਾ, ਖੇਤੀਬਾੜੀ ਅਤੇ ਗ੍ਰਹਿ ਵਿਗਿਆਨ ਆਦਿ ਵਿਚ ਵਿੱਦਿਅਕ ਪ੍ਰਾਪਤੀਆਂ ਨੂੰ ਪ੍ਰਦਰਸ਼ਨੀਆਂ ਵਿਚ ਪ੍ਰਦਰਸ਼ਨ ਕਰਨ ਲਈ ਰੱਖਣ। ਕਿਸੇ ਵਿਦਿਆਰਥੀ ਜਾਂ ਅਧਿਆਪਕ ਦੁਆਰਾ ਬਣਾਈ ਗਈ ਚੀਜ਼ ਨੂੰ ਪ੍ਰਦਰਸ਼ਨੀ ਵਿਚ ਦਿਖਾਉਣ ਲਈ ਸਵੀਕਾਰ ਕਰ ਲੈਣਾ ਹੀ ਬਣਾਉਣ ਵਾਲੇ ਲਈ ਬਹੁਤ ਵੱਡਾ ਉਤਸ਼ਾਹ ਹੈ। ਭਿੰਨ-ਭਿੰਨ ਵਿਸ਼ਿਆਂ ਵਿੱਚ ਮੂਲ ਸਿਧਾਂਤਾਂ ਅਤੇ ਵਿਕਾਸ ਦੀਆਂ ਕਿਰਿਆਵਾਂ ਬਾਰੇ ਵੱਖ ਵੱਖ ਕਿਸਮ ਦੇ ਚਾਰਟ ਵੀ ਸਕੂਲ ਪ੍ਰਦਰਸ਼ਨੀਆਂ ਲਈ ਤਿਆਰ ਕੀਤੇ ਜਾ ਸਕਦੇ ਹਨ। ਇਸ ਕਿਸਮ ਦੀ ਤਿਆਰੀ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰੇਗੀ। ਇਸ ਕਿਰਿਆ ਵਿਚ ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰਾਪਤ ਕੀਤੇ ਗਿਆਨ ਨੂੰ ਹੋਰ ਪੱਕਾ ਕਰ ਲੈਂਦੇ ਹੈ।

ਸਕੂਲ ਪ੍ਰਦਰਸ਼ਨੀਆਂ ਵਿਦਿਅਕ ਵਰ੍ਹੇ ਵਿਚ ਦੋ ਜਾਂ ਤਿੰਨ ਵਾਰੀ ਕੀਤੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਜ਼ਿਆਦਾ ਚੰਗਾ ਹੋਵੇਗਾ। ਜੇਕਰ ਇਨ੍ਹਾਂ ਦਾ ਆਯੋਜਨ ਖ਼ਾਸ ਕਰਕੇ ਦੁਸਹਿਰੇ ਦੀਆਂ ਲੰਮੀਆਂ ਛੁੱਟੀਆਂ ਤੋਂ ਮਗਰੋਂ ਕੀਤਾ ਜਾਵੇ। ਛੁੱਟੀਆਂ ਵਿਚ ਵਿਦਿਆਰਥੀ ਅਤੇ ਅਧਿਆਪਕ ਆਪਣੇ ਪ੍ਰਦਰਸ਼ਨ ਹੋਣ ਵਾਲੀਆਂ ਚੀਜ਼ਾਂ ਨੂੰ ਤਿਆਰੀ ਕਰ ਸਕਦੇ ਹਨ। ਇਸ ਲਈ ਸਕੂਲ ਦੀ ਪੜ੍ਹਾਈ ਵਿਚ ਵਿਘਨ ਨਹੀਂ ਪਵੇਗਾ।

ਸਹਿਪਾਠਕ੍ਰਮੀ ਗਤੀਵਿਧੀਆਂ ਲਈ ਨਿਰਧਾਰਤ ਕੀਤੀ ਗਈ ਧਨ ਰਾਸ਼ੀ ਵਿਚੋਂ ਸਕੂਲ ਪ੍ਰਦਰਸ਼ਨੀਆਂ ਦੀ ਤਿਆਰੀ ਲਈ ਕੁਝ ਪੈਸਾ ਦੇਣਾ ਚਾਹੀਦਾ ਹੈ। ਸਕੂਲ ਨੂੰ ਕਾਗਜ਼, ਬੁਰਸ਼, ਮਿੱਟੀ ਨਵਾਂ ਕੱਪੜਾ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਮੱਗਰੀ ਦੇਣੀ ਚਾਹੀਦੀ ਹੈ ਕਿਉਂਕਿ ਅਗਰ ਬੱਚਾ ਇਨ੍ਹਾਂ ਚੀਜ਼ਾਂ ਨੂੰ ਸਕੂਲ ਪ੍ਰਦਰਸ਼ਨੀ ਲਈ ਤਿਆਰੀ ਕਰਨ ਲਈ ਵਾਧੂ ਪੈਸੇ ਦੀ ਮੰਗ ਕਰੇਗਾ ਤਾਂ ਸੁਭਾਵ ਹੈ ਕਿ ਮਾਪੇ ਇਸ ਤੇ ਖੁਸ਼ ਨਾ ਹੋਣੇ। ਪ੍ਰਦਰਸ਼ਨੀ ਦੇਖਣ ਵਾਲਿਆਂ ਤੋਂ ਦਸ ਜਾਂ ਵੀਹ ਪੈਸੇ ਦਾਖ਼ਲਾ ਫੀਸ ਦੇ ਤੌਰ ਤੇ ਲਾਏ ਜਾ ਸਕਦੇ ਹਨ। ਇਸ ਤਰ੍ਹਾਂ ਇਕੱਠਾ ਹੋਇਆ ਪੈਸਾ ਅਗਲੀ ਪ੍ਰਦਰਸ਼ਨੀ ਦੀ ਤਿਆਰੀ ਲਈ ਵਰਤਿਆ ਜਾ ਸਕਦਾ ਹੈ।

ਪ੍ਰਦਰਸ਼ਨੀ ਲਈ ਪ੍ਰਦਰਸ਼ਨ ਉੱਤਮਤਾ ਦੇ ਅਧਾਰ ਤੇ ਹੀ ਚੁਣਨੇ ਚਾਹੀਦੇ ਹਨ। ਇਸ ਮਸਲੇ ਵਿਚ ਪੱਖਪਾਤ ਨਹੀਂ ਹੋਣਾ ਚਾਹੀਦਾ। ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਕੂਲ ਪ੍ਰਦਰਸ਼ਨੀ ਲਈ ਕੁਝ ਨਾ ਕੁਝ ਤਿਆਰ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਗੱਲ ਦਾ ਉਚੇਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਚੀਜ਼ਾਂ ਕਿਹੜੀਆਂ ਕਿ ਬਾਜ਼ਾਰ ਵਿਚੋਂ ਖਰੀਦੀਆਂ ਗਈਆਂ ਹੋਣ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਤਿਆਰ ਕੀਤੀਆਂ ਗਈਆਂ ਹੋਣ, ਪ੍ਰਦਰਸ਼ਨੀ ਲਈ ਸਵੀਕਾਰ ਨਹੀਂ

ਕਰਨੀਆਂ ਚਾਹੀਦੀਆਂ। ਮਾਪਿਆ ਅਤੇ ਆਸ-ਪੜੋਸ ਵਿਚ ਪ੍ਰਦਰਸ਼ਨੀ ਦੇਖਣ ਲਈ ਪ੍ਰਚਾਰ ਵੀ ਕਰਨਾ ਚਾਹੀਦਾ ਹੈ।

### 1.4.11 ਸਕੂਲ ਪ੍ਰਕਾਸ਼ਨ

ਸਕੂਲ ਪ੍ਰਕਾਸ਼ਨਾਂ ਨੂੰ ਸਹਿਪਾਠਕ੍ਰਮੀ ਗਤੀਵਿਧੀਆਂ ਦਾ ਸਭ ਤੋਂ ਮਹੱਤਵਪੂਰਣ ਪੱਖ ਮੰਨਣਾ ਚਾਹੀਦਾ ਹੈ। ਸਕੂਲ ਪ੍ਰਦਰਸ਼ਨੀ ਵਿਚ ਅਸੀਂ ਮੈਗਜ਼ੀਨ ਅਖ਼ਬਾਰ, ਹੱਥ ਪੁਸਤਕ ਅਤੇ ਰਿਪੋਰਟਾਂ ਆਦਿ ਸ਼ਾਮਿਲ ਕਰ ਸਕਦੇ ਹਾਂ। ਅਜਿਹੀਆਂ ਪ੍ਰਕਾਸ਼ਨਾਂ ਕੇਵਲ ਵੱਡੇ ਸਕੂਲ ਜਿੱਥੇ ਵਿਦਿਆਰਥੀਆਂ ਦੀ ਸੰਖਿਆ ਦੋ ਹਜ਼ਾਰ ਜਾਂ ਇਸ ਤੋਂ ਵੱਧ ਹੋਵੇ ਵਿਚ ਸੰਭਵ ਹੈ। ਲੇਕਿਨ ਛੋਟੇ ਸਕੂਲਾਂ ਵਿਚ ਅਜਿਹੇ ਇਕ ਜਾਂ ਦੋ ਪ੍ਰਕਾਸ਼ਨ ਤਿਆਰ ਕੀਤੇ ਜਾ ਸਕਦੇ ਹਨ। ਛੋਟੇ ਸਕੂਲ ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਸੰਖਿਆ ਕੇਵਲ ਚਾਰ ਜਾਂ ਪੰਜ ਸੋ ਵਿਦਿਆਰਥੀ ਹਨ, ਉਥੇ ਛਿਮਾਹੀ ਰਸਾਲੇ ਬਣਾਉਣਾ ਵੀ ਕਾਫ਼ੀ ਹੋਵੇਗਾ।

**ਸਕੂਲ ਦੇ ਪ੍ਰਕਾਸ਼ਨਾਂ ਦੇ ਲਾਭ**

1. ਵਿਦਿਆਰਥੀਆਂ ਦੇ ਭਾਵ-ਵਿਅੰਜਨ

ਵਿਦਿਆਰਥੀਆਂ ਦੇ ਸਕੂਲ ਨੀਤੀ ਅਤੇ ਨਿਯਮਾਂ ਬਾਰੇ ਆਪਣੇ ਵਿਚਾਰ ਹੁੰਦੇ ਹਨ। ਸਕੂਲ ਦੇ ਪ੍ਰਿੰਸੀਪਲ ਵੈਸੇ ਤਾਂ ਇਹ ਕਹਿ ਦਿੰਦੇ ਹਨ ਕਿ ਸਕੂਲ ਦੀਆਂ ਨੀਤੀਆਂ ਬਾਰੇ ਵਿਦਿਆਰਥੀਆਂ ਦੇ ਸੁਝਾਵਾਂ ਦਾ ਸਵਾਗਤ ਹੈ ਪ੍ਰੰਤੂ ਅਸਲ ਵਿਚ ਉਹ ਵਿਦਿਆਰਥੀਆਂ ਦੁਆਰਾ ਦਿੱਤੇ ਗਏ ਸੁਝਾਅ ਸਮੇਂ ਗੁੱਸੇ ਹੋ ਜਾਂਦੇ ਹਨ। ਸਕੂਲ ਪ੍ਰਕਾਸ਼ਨ ਇਕ ਵਧੀਆ ਮਾਧਿਅਮ ਹੈ ਜਿਸ ਰਾਹੀਂ ਵਿਦਿਆਰਥੀ ਆਪਣੇ ਸੁਝਾਓ ਅਤੇ ਵਿਚਾਰ ਪ੍ਰਗਟ ਕਰ ਸਕਦੇ ਹਨ।

2. ਸਕੂਲ ਨੂੰ ਇੱਕਮੁੱਠ ਕਰਨਾ ਅਤੇ ਸਕੂਲੀ ਭਾਵਨਾ ਦਾ ਵਿਕਾਸ ਕਰਨਾ

ਸਕੂਲ ਪ੍ਰਸ਼ਾਸਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਬਾਰੇ ਖ਼ਬਰਾਂ ਦਿੰਦੇ ਹਨ। ਇਸ ਸਕੂਲ ਦੀਆਂ ਚੰਗੀਆਂ ਰਵਾਇਤਾ ਅਤੇ ਆਦਰਸ਼ਾਂ ਬਾਰੇ ਵੀ ਦੱਸਦੇ ਹਨ। ਪ੍ਰਕਾਸ਼ਨ ਦੇ ਮੱਦ ਇਕਸੁਰਤਾ ਦੀ ਭਾਵਨਾ ਪੈਦਾ ਕਰਦੇ ਹਨ ਅਤੇ ਸਕੂਲ ਭਾਵਨਾਂ ਦਾ ਵਿਕਾਸ ਕਰਦੇ ਹਨ।

3. ਆਤਮ ਭਾਵ-ਵਿਅੰਜਨ ਅਤੇ ਰਚਨਾਤਮਕ ਯੋਗਤਾ ਲਈ ਅਵਸਰ ਪ੍ਰਦਾਨ ਕਰਨਾ

ਕੋਈ ਵੀ ਸਕੂਲ ਪ੍ਰਕਾਸ਼ਨ ਠੀਕ ਹੋਵੇਗਾ ਜਦੋਂ ਤੱਕ ਕਿ ਇਹ ਆਤਮ ਭਾਵ-ਵਿਅੰਜਨ ਅਤੇ ਰਚਨਾਤਮਕ ਯੋਗਤਾ ਲਈ ਅਵਸਰ ਪ੍ਰਦਾਨ ਨਹੀਂ ਕਰਦਾ। ਜੇਕਰ ਵਿਦਿਆਰਥੀ ਆਪਦੇ ਭਾਵ ਪ੍ਰਗਟ ਕਰਨ ਵਿਚ ਔਖ ਮਹਿਸੂਸ ਕਰਦਾ ਹੈ ਤਾਂ ਉਸਨੂੰ ਪ੍ਰਕਾਸ਼ਨ ਰਾਹੀਂ ਆਪਣੇ ਵਿਚਾਰ ਰੱਖਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਇਸ ਤਰ੍ਹਾਂ ਸਕੂਲ ਪ੍ਰਕਾਸ਼ਨ ਵਿਦਿਆਰਥੀਆਂ ਨੂੰ ਸਿੱਖਿਅਤ ਕਰਦੇ ਹਨ।

4. ਸਕੂਲ ਪ੍ਰਕਾਸ਼ਨ ਵਿਦਿਆਰਥੀਆਂ, ਮਾਪਿਆਂ ਅਤੇ ਦੂਸਰੇ ਸਕੂਲਾਂ ਨੂੰ ਭਰੋਸੇਯੋਗ ਖ਼ਬਰਾਂ ਦਿੰਦੇ ਹਨ

ਸਕੂਲ ਗਤੀਵਿਧੀਆਂ ਬਾਰੇ ਗ਼ਲਤ ਖ਼ਬਰ ਹਮੇਸ਼ਾਂ ਹੀ ਭਰਮ ਪੈਦਾ ਕਰਦੀ ਹੈ। ਪੁਰਾਣੇ ਵਿਦਿਆਰਥੀ ਅਤੇ ਮਾਪੇ ਹਮੇਸ਼ਾਂ ਹੀ ਆਪਣੇ ਸਕੂਲ ਬਾਰੇ ਜਾਨਣਾ ਚਾਹੁੰਦੇ ਹਨ। ਉਹਨਾਂ ਨੂੰ ਸਹੀ ਜਾਣਕਾਰੀ ਦੇਣ ਨਾਲ ਉਹਨਾਂ ਦਾ ਸਹਿਯੋਗ ਪ੍ਰਾਪਤ ਕੀਤਾ ਜਾ ਸਕਦਾ ਹੈ ਅਜਿਹਾ ਕੰਮ ਸਕੂਲ ਦੇ ਪ੍ਰਕਾਸ਼ਨ ਕਰ ਸਕਦੇ ਹਨ।

5. ਚੰਗੀਆਂ ਗਤੀਵਿਧੀਆਂ ਨੂੰ ਉਤਸਾਹਿਤ ਕਰਨਾ

ਜਿਹੜੀਆਂ ਗਤੀਵਿਧੀਆਂ ਸਕੂਲੀ ਅਖ਼ਬਾਰ, ਰਸਾਲੇ ਜਾਂ ਸਾਲਾਨਾ ਪੁਸਤਕ ਵਿਚ ਛਾਪ ਕੇ ਮਾਨਤਾ ਪ੍ਰਾਪਤ ਹੁੰਦੀਆਂ ਹਨ ਉਹਨਾਂ ਗਤੀਵਿਧੀਆਂ ਨੂੰ ਬਹੁਤ ਉਤਸ਼ਾਹ ਮਿਲਦਾ ਹੈ। ਸੰਗੀਤ, ਨਾਟਕ ਅਤੇ ਖੇਡਾਂ ਵਿਚ ਜਿਨ੍ਹਾਂ ਵਿਦਿਆਰਥੀ ਨੇ ਮਾਣ ਹਾਸਲ ਕੀਤਾ ਹੈ, ਉਹਨਾਂ ਨੂੰ ਉਤਸ਼ਾਹ ਮਿਲੇਗਾ ਜੇਕਰ ਉਹਨਾਂ ਦਾ ਪ੍ਰਚਾਰ ਸਕੂਲ ਪ੍ਰਕਾਸ਼ਨਾਂ ਰਾਹੀਂ ਕੀਤਾ ਜਾਵੇ।

6. ਸਹਿਯੋਗ, ਪਹਿਲ ਕਦਮੀ, ਜਿੰਮੇਵਾਰੀ ਦੀ ਭਾਵਨਾ ਅਤੇ ਅਗਵਾਈ ਵਰਗੇ ਗੁਣਾਂ ਦਾ ਵਿਕਾਸ ਕਰਨਾ

ਸਕੂਲ ਪ੍ਰਕਾਸ਼ਨਾਂ ਨੂੰ ਅਜਿਹੇ ਗੁਣ ਵਿਕਸਿਤ ਕਰਨ ਲਈ ਨਿਰਦੇਸ਼ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਅਤੇ ਅਧਿਆਪਕ ਵਿਚ ਇਨ੍ਹਾਂ ਗੁਣਾਂ ਦੇ ਹੋਣ ਕਰਕੇ ਹੀ ਪ੍ਰਕਾਸ਼ਨ ਤਿਆਰ ਹੁੰਦੇ ਹਨ।

7. ਸਕੂਲ ਬਾਰੇ ਲੋਕਾਂ ਦੀ ਰਾਏ ਨੂੰ ਬਦਲਣਾ ਅਤੇ ਪ੍ਰਭਾਵਿਤ ਕਰਨਾ

ਸਕੂਲ ਪ੍ਰਕਾਸ਼ਨ ਸਕੂਲ ਨਾਲ ਸੰਬੰਧਿਤ ਅਹਿਮ ਗੱਲਾਂ ਤੇ ਜ਼ੋਰ ਦਿੰਦੇ ਹਨ। ਇਸ ਤਰ੍ਹਾਂ ਸਕੂਲ ਬਾਰੇ ਇਕ ਚੰਗਾ

ਮਤ ਬਣ ਜਾਂਦਾ ਹੈ।

## ਸਕੂਲ ਪ੍ਰਕਾਸ਼ਨਾਂ ਦੇ ਕੰਮ

ਸਕੂਲ ਪ੍ਰਕਾਸ਼ਨਾਂ ਵਿਚ ਜੋ ਸਮੱਗਰੀ ਸ਼ਾਮਿਲ ਕੀਤੀ ਜਾਵੇ ਉਹੀ ਜ਼ਰੂਰ ਕਿਸੇ ਨਾ ਕਿਸੇ ਲਾਭ ਲਈ ਹੋਵੇ। ਦੂਜੇ ਸ਼ਬਦਾਂ ਵਿਚ ਇੰਝ ਕਹਿ ਸਕਦੇ ਹਾਂ ਕਿ ਕੋਈ ਵੀ ਚੀਜ਼ ਇਸ ਲਈ ਨਹੀਂ ਛਾਪਣੀ ਚਾਹੀਦੀ ਹੈ ਕਿ ਇਸ ਨੂੰ ਸਿਰਫ ਛਾਪਣਾ ਹੀ ਹੈ। ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਵਾਰੀ ਨਾਲ ਛਾਪਣੀ ਚਾਹੀਦੀ ਹੈ ਕਿਉਂਕਿ ਸਾਰੇ ਵਿਸ਼ੇ ਇਕ ਅੰਕ ਵਿਚ ਸ਼ਾਮਿਲ ਕਰਨੇ ਮੁਸ਼ਕਲ ਹੁੰਦੇ ਹਨ।

### 1.4.12 ਬੁਆਏ ਸਕਾਊਟਿੰਗ ਅਤੇ ਗਰਲ ਗਾਈਡਿੰਗ

(ੳ) ਬੁਆਏ ਸਕਾਊਟਿੰਗ

ਲਾਰਡ ਰਾਬਰਟ ਬਡੇਨ ਪਾਵਲ ਨੇ 1908 ਵਿਚ ਲੜਕਿਆਂ ਲਈ ਸਕਾਊਟ ਲਹਿਰ ਸ਼ੁਰੂ ਕੀਤੀ। ਭਾਰਤ ਵਿਚ 1911 ਵਿਚ ਸ਼ੁਰੂ ਹੋਈ। ਲਹਿਰ ਇੰਨੀ ਲੋਕ ਪ੍ਰਿਅ ਹੋਈ ਹੈ ਕਿ ਬਹੁਤ ਸਾਰੇ ਦੇਸ਼ਾਂ ਨੇ ਇਸ ਨੂੰ ਆਪਣੇ ਬੱਚਿਆਂ ਲਈ ਸ਼ੁਰੂ ਕੀਤਾ। ਇਸ ਮੁਹਿੰਮ ਦਾ ਉਦੇਸ਼ ਲੜਕਿਆਂ ਅੰਦਰ ਨਿਮਰਤਾ, ਅਨੁਸ਼ਾਸਨ ਆਤਮ-ਨਿਰਭਰਤਾ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰਨਾ ਹੈ। ਇਸ ਤਰ੍ਹਾਂ ਦੀ ਸਿਖਲਾਈ ਜਦੋਂ ਲੜਕੀਆਂ ਲਈ ਹੁੰਦੀ ਤਾਂ ਉਸ ਨੂੰ ਗਰਲ ਗਾਈਡਿੰਗ ਕਹਿੰਦੇ ਹਨ। ਇਸ ਲਈ ਸਕਾਊਟਿੰਗ ਅਤੇ ਗਰਲ ਗਾਈਡਿੰਗ ਲੜਕੇ ਲੜਕੀਆਂ ਲਈ ਮਨੋਰੰਜਨ ਦਾ ਕੰਮ ਵੀ ਕਰਦੀ ਹੈ। ਇਸ ਨਾਲ ਉਹਨਾਂ ਦੀ ਸਿਹਤ ਵਿਚ ਵੀ ਸੁਧਾਰ ਆਉਂਦਾ ਹੈ।

ਭਾਰਤੀ ਸਕਾਊਟ ਟੋਲੀ ਦਾ ਸੰਗਠਨ ਬੰਗਲੌਰ ਵਿਚ ਹੋਇਆ। ਸ਼ੁਰੂ ਵਿਚ ਲੋਕਾਂ ਨੂੰ ਇਸ ਦੇ ਲਾਭ ਬਾਰੇ ਵਿਸ਼ਵਾਸ ਨਹੀਂ ਸੀ ਪਰ ਇਸ ਸਦੀ ਦੇ ਦੂਜੇ ਦਹਾਕੇ ਵਿਚ ਸੰਗਠਨ ਵਿਚ 3,50,000 ਤੋਂ ਵੱਧ ਲੜਕੇ ਲੜਕੀਆਂ ਸ਼ਾਮਿਲ ਸਨ।

ਬੁਆਏ ਸਕਾਊਟਿੰਗ ਦਾ ਮੰਤਵ ਬੱਚਿਆਂ ਦੀ ਸਕੂਲ ਜ਼ਿੰਦਗੀ ਨੂੰ ਪ੍ਰਭਾਵਸ਼ਾਲੀ ਬਣਾਉਣਾ ਹੈ। ਬੁਆਏ ਸਕਾਊਟਿੰਗ ਦੇ ਕੁਝ ਹੋਰ ਮੰਤਵ ਨਿਮਨ ਲਿਖਤ ਹਨ :

1. ਵਿਸ਼ਵ ਭਾਈਚਾਰਾ

ਸਕਾਊਟਿੰਗ ਬੱਚਿਆਂ ਵਿਚ ਵਿਸ਼ਵ ਭਾਈਚਾਰੇ ਪੈਦਾ ਕਰਦੀ ਹੈ। ਇਹ ਸੰਗਠਨ ਸਾਰੀ ਮਾਨਵਤਾ ਨੂੰ ਇਕ ਮੰਨਦਾ ਹੈ। ਇਹ ਜਾਤ, ਪਾਤ, ਅਮੀਰੀ, ਗਰੀਬੀ, ਵੱਡਾ ਛੋਟਾ, ਰੰਗ ਰੂਪ, ਅਤੇ ਕੌਮੀਅਤਾ ਤੇ ਭੇਦ ਭਾਵ ਨੂੰ ਨਹੀਂ ਮੰਨਦਾ ਇਸ ਤਰ੍ਹਾਂ ਇਹ ਸਾਰੀਆਂ ਸਮਾਜਕ, ਧਾਰਮਿਕ ਅਤੇ ਭੂਗੋਲਿਕ ਸੀਮਾਵਾਂ ਤੋਂ ਉੱਪਰ ਹੈ।

2. ਹੱਥੀ ਕੰਮ ਕਰਨ ਲਈ ਪਿਆਰ ਪੈਦਾ ਕਰਨਾ

ਸਕਾਊਟਿੰਗ ਬੱਚਿਆਂ ਦੇ ਮਨ ਵਿੱਚੋਂ ਕੰਮ ਕਰਨ ਬਾਰੇ ਘਿਰਣਾ ਦੀ ਸੋਚ ਨੂੰ ਖਤਮ ਕਰਦੀ ਹੈ। ਜਿਥੋਂ ਤੱਕ ਹੋ ਸਕੇ ਆਪਣੇ ਕੰਮ ਨੂੰ ਆਪ ਕਰਨ ਲਈ ਸਿੱਖਿਆ ਦਿੰਦੀ ਹੈ। ਇਹ ਮੰਨਣਾ ਪਵੇਗਾ ਕਿ ਸਕਾਊਟਿੰਗ ਇਸ ਮੰਤਵ ਨੂੰ ਪ੍ਰਾਪਤ ਕਰਨ ਵਿਚ ਸਫਲ ਰਹੀ ਹੈ। ਹੁਣ ਸਾਡੇ ਦੇਸ਼ ਅਤੇ ਹੋਰ ਥਾਵਾਂ ਤੇ ਬਹੁਤ ਸਾਰੇ ਵਿਦਿਆਰਥੀ ਹੱਥੀਂ ਕੰਮ ਕਰਨ ਨੂੰ ਨਫਰਤ ਨਹੀਂ ਕਰਦੇ ਅਤੇ ਉਹਨਾਂ ਵਿਚ ਬਹੁਤ ਸਾਰੇ ਆਪਣੇ ਭਾਂਡੇ ਆਪ ਸਾਫ ਕਰਨ ਅਤੇ ਕੱਪੜੇ ਧੋਣ ਵਿਚ ਸ਼ਰਮ ਮਹਿਸੂਸ ਨਹੀਂ ਕਰਦੇ।

3. ਹਰ ਰੋਜ਼ ਕੋਈ ਚੰਗਾ ਕੰਮ ਕਰਨਾ ਅਤੇ ਹਮੇਸ਼ਾ ਤਿਆਰ ਰਹਿਣਾ

ਇਹ ਸਕਾਊਟਿੰਗ ਦਾ ਮੁੱਖ ਨਾਹਰਾ ਹੈ। ਇਸ ਲਈ ਇਸ ਦੀ ਸਿਖਲਾਈ ਸਮੇਂ ਇਨ੍ਹਾਂ ਉਦੇਸ਼ਾਂ ਉਪਰ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਸਕਾਊਟਿੰਗ ਦਾ ਮੇਲਿਆਂ, ਸਕੂਲਾਂ ਦੇ ਵੱਡੇ ਸਮਾਰੋਹਾਂ, ਸਮੂਹਾਂ ਇਕੱਠਾ ਲਈ ਇਸ ਗਲ ਤੋਂ ਸਮਝਿਆ ਜਾ ਸਕਦਾ ਹੈ ਕਿ ਜ਼ਰੂਰੀ ਸਹਾਇਤਾ ਅਤੇ ਨਿਰਦੇਸ਼ ਲਈ ਇਨ੍ਹਾਂ ਵਿਚ ਸਕਾਊਟ ਹੀ ਲਗਾਏ ਜਾਂਦੇ ਹਨ। ਸਕਾਊਟ ਸੇਵਾ ਦਾ ਖੇਤਰ ਪਿੰਡਾਂ ਦੀ ਸਫਾਈ, ਹੜਾਂ ਅਤੇ ਭੂਚਾਲ ਆਦਿ ਦੇ ਦੌਰਾਨ ਕੰਮ ਵੱਲ ਵੀ ਹੈ।

4. ਸਾਰੀਆਂ ਮੁਸ਼ਕਿਲਾਂ ਉੱਪਰ ਜਿੱਤ ਪ੍ਰਾਪਤ ਕਰਨ ਦੀ ਭਾਵਨਾ

ਸਕਾਊਟ ਲੜਕਿਆਂ ਨੂੰ ਜੋਸ਼ੀਲੇ ਕੰਮ ਕਰਨ ਲਈ ਅਤੇ ਕਿਸੇ ਵੀ ਸਮੱਸਿਆ ਦੇ ਸਾਰੇ ਪਹਿਲੂਆਂ ਬਾਰੇ ਜਾਣਨ ਬਾਰੇ ਅਤੇ ਇਸ ਨੂੰ ਪੱਕੇ ਇਰਾਦੇ ਦੇ ਨਾਲ ਹੱਲ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਸਕਾਊਟ ਲੜਕਿਆਂ ਨੂੰ ਬਾਹਰ ਦੀਆਂ

ਗਤੀਵਿਧੀਆਂ ਇਸੇ ਮੰਤਵ ਲਈ ਕਰਵਾਈਆਂ ਜਾਂਦੀਆਂ ਹਨ।

5. ਕੁਦਰਤ ਨਾਲ ਪਿਆਰ ਪੈਦਾ ਕਰਨਾ

ਸਕਾਊਟਿੰਗ ਦੀਆਂ ਅਜਿਹੀਆਂ ਗਤੀਵਿਧੀਆਂ ਜਿਵੇਂ ਕਿ ਖੇਡਾਂ, ਕੈਂਪਾਂ, ਜੰਗਲਾਂ ਵਿਚ ਜਾਣਾ, ਛੋਟੇ-ਛੋਟੇ ਦੌਰੇ ਕਰਨਾ ਸਭ ਇਸ ਲਈ ਹਨ ਕਿ ਸਕਾਊਟ ਲੜਕੇ ਕੁਦਰਤ ਦੇ ਨਜ਼ਦੀਕ ਆਉਣ ਅਤੇ ਇਸ ਲਈ ਨਾ ਖ਼ਤਮ ਹੋਣ ਵਾਲਾ ਪਿਆਰ ਪੈਦਾ ਕਰਨਾ।

ਇਹ ਦੱਸਣ ਦੀ ਜ਼ਰੂਰਤ ਨਹੀਂ ਕਿ ਸਕਾਊਟਿੰਗ ਵਿੱਦਿਆ ਲਈ ਇਕ ਬਹੁਤ ਵੱਡੀ ਪੂੰਜੀ ਹੈ ਜੇਕਰ ਇਹ ਹੀ ਢੰਗ ਨਾਲ ਸੰਗਠਿਤ ਕੀਤੀ ਜਾਵੇ। ਸਕਾਊਟਿੰਗ ਕੁਝ ਅਜਿਹੀਆਂ ਗੱਲਾਂ ਸਿਖਾਉਂਦੀ ਹੈ ਜਿਹੜੀਆਂ ਕਿ ਸਿਖਿਆਰਥੀਆਂ ਦੇ ਦਿਮਾਗ ਤੇ ਪੱਕੀ ਛਾਪ ਛੱਡ ਦਿੰਦੀਆਂ ਹਨ। ਸਕਾਊਟਿੰਗ ਰਾਹੀਂ ਇਕ ਬੇਚੈਨ ਅਤੇ ਗੈਰ ਜ਼ਿੰਮੇਵਾਰ ਕਿਸ਼ੋਰ ਨੂੰ ਇਕ ਲਾਭਦਾਇਕ ਅਤੇ ਭਰੋਸੇਯੋਗ ਨੌਜਵਾਨ ਬਣਾਇਆ ਜਾ ਸਕਦਾ ਹੈ।

ਸਕਾਊਟਿੰਗ ਦਾ ਸੰਚਾਲਨ

ਸਕਾਊਟਿੰਗ 11 ਤੋਂ 18 ਸਾਲ ਦੇ ਬੱਚਿਆ ਲਈ ਹੁੰਦੀ ਹੈ। ਸਕਾਊਟਿੰਗ ਦੀ ਸਿਖਲਾਈ ਦੇ ਤਿੰਨ ਦਰਜੇ ਹਨ ਟੈਂਡਰ ਫੁੱਟ ਦੂਜੀ ਸ਼੍ਰੇਣੀ ਅਤੇ ਪਹਿਲੀ ਸ਼੍ਰੇਣੀ, 13 ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੂਲਫ-ਕਬ-ਪੈਕਸ ਵਿਚ ਰੱਖਿਆ ਜਾਂਦਾ ਹੈ। 18 ਸਾਲ ਤੋਂ ਉਪਰ ਦੇ ਬੱਚਿਆਂ ਨੂੰ ਰੋਵਰ ਟਰੂਪਾਂ ਵਿਚ ਰੱਖਿਆ ਜਾਂਦਾ ਹੈ, ਇਕ ਟਰੂਪ ਵਿਚ 32 ਲੜਕੇ ਹੁੰਦੇ ਹਨ। ਇਕ ਸਕਾਊਟ ਮਾਸਟਰ ਦੀ ਦੇਖ ਰੇਖ ਹੇਠ ਟਰੂਪ ਲੀਡਰ ਕੰਮ ਕਰਦੇ ਹਨ। ਸਕਾਊਟ ਨੂੰ ਨਿਸ਼ਚਿਤ ਵਰਦੀ ਪਾਉਣੀ ਪੈਂਦੀ ਹੈ। ਉਹਨਾਂ ਨੂੰ ਸਕਾਊਟਿੰਗ ਦੇ ਨਿਯਮਾਂ ਦੀ ਪਾਲਦਾ ਲਈ ਸਹੁੰ ਚੁੱਕਣੀ ਪੈਂਦੀ ਹੈ। ਉਹਨਾਂ ਨੂੰ ਰੱਸਿਆਂ ਅਤੇ ਸੋਟੀਆਂ ਦਾ ਇਸਤੇਮਾਲ ਕਰਨ ਅਤੇ ਜ਼ਰੂਰਤਮੰਦ ਨੂੰ ਮੁੱਢਲੀ ਸਹਾਇਤਾ ਦੇਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਨਿਸ਼ਚਿਤ ਦਿਨਾਂ ਤੇ ਸਕਾਊਟ ਲੜਕੇ ਕੈਂਪ ਇਕੱਤਰਤਾ, ਸੈਰ ਸਪਾਟੇ ਆਦਿ ਦਾ ਆਯੋਜਨ ਵੀ ਕਰਦੇ ਹਨ। ਇਕ ਸਕਾਊਟ ਨੂੰ ਕੈਂਪ ਵਿਚ ਰਹਿਣ ਸਿਖਾਇਆ ਜਾਂਦਾ ਹੈ। ਇਕ ਤਰੀਕੇ ਨਾਲ ਹਰ ਵਿਅਕਤੀ ਨੂੰ ਆਤਮੀ ਜੀਵਨ ਜੀਉਣ ਲਈ ਵੱਖ-ਵੱਖ ਪਹਿਲੂਆਂ ਵਿਚ ਸਿਖਲਾਈ ਦਿੱਤੀ ਜਾਂਦੀ ਹੈ।

**ਗਰਲ ਗਾਈਡਿੰਗ**

ਸਕਾਊਟਿੰਗ ਦੇ ਮਹੱਤਵਪੂਰਨ ਲਾਭ ਨੂੰ ਦੇਖਦਿਆਂ ਔਰਤਾਂ ਦਾ ਧਿਆਨ ਵੀ ਇਸ ਵੱਲ ਗਿਆ ਹੈ ਕਿ ਇਸ ਤਰ੍ਹਾਂ ਦੀ ਮੁਹਿੰਮ ਲੜਕੀਆਂ ਦੀਆਂ ਜ਼ਰੂਰਤਾਂ ਅਤੇ ਸੁਭਾਅ ਮੁਤਾਬਿਕ ਉਹਨਾਂ ਲਈ ਵੀ ਹੋਵੇ। ਇਸ ਲਈ ਲਾਰਡ ਬੰਡਨ ਪਾਵਲ ਨੇ ਗਰਲ ਗਾਈਡਿੰਗ ਮੁਹਿੰਮ ਵੀ ਸ਼ੁਰੂ ਕਰ ਦਿੱਤੀ। ਗਰਲ ਗਾਈਡਿੰਗ ਮੁਹਿੰਮ ਲੜਕੀਆਂ ਦੀ ਵਿਸ਼ੇਸ਼ ਵਿਅਕਤਿੱਤਵ ਨੂੰ ਪ੍ਰਫੂਲਿਤ ਕਰਨ ਅਤੇ ਉਹਨਾਂ ਅੰਦਰ ਔਰਤ ਦੇ ਸਹੀ ਗੁਣ ਪੈਦਾ ਕਰਨ ਦਾ ਮੰਤਵ ਰੱਖਦੀ ਹੈ। ਇਸ ਮਤਾਬਿਕ ਜਦੋਂ ਲੜਕੀ ਆਪਣੇ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਜਾਵੇ ਤਾਂ ਉਹ ਇਕ ਖੁਸ਼ ਮਿਜ਼ਾਜ਼ ਮਿੱਠੇ ਸੁਭਾਅ ਵਾਲਾ ਆਪਾ ਵਾਰਨ ਵਾਲੀ ਅਤੇ ਨੇਕ ਇਨਸਾਨ ਹੋਵੇ ਜਿਹੜੀ ਹਰ ਸੰਬੰਧਿਤ ਵਿਅਕਤੀ ਨੂੰ ਉਸ ਮੁਤਾਬਿਕ ਪਿਆਰ ਦੇਵੇ ਲੜਕਿਆਂ ਦੇ ਸਕਾਊਟ ਵਾਂਗ ਗਰਲ ਗਾਈਡਿੰਗ ਦੇ ਵੀ ਤਿੰਨ ਦਰਜੇ ਹਨ।

(1) ਗਰਲ ਗਾਈਡਿੰਗ ਕੰਪਨੀ (ਬੁਲਬਲਾ) ਜਿਸ ਵਿਚ 11 ਤੋਂ 18 ਸਾਲ ਦੀਆਂ ਲੜਕੀਆਂ ਹੁੰਦੀਆਂ ਹਨ।

(2) ਬਲਿਊ ਬਰਡ ਸੈਕਸਨ ਜਿਸ ਵਿਚ 11 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਹੁੰਦੀਆਂ ਹਨ।

(3) ਰੇਂਜਰ ਕੰਪਨੀ ਜਿਸ ਵਿਚ 18 ਸਾਲ ਤੋਂ ਉਪਰਦੀਆਂ ਲੜਕੀਆਂ ਹੁੰਦੀਆਂ ਹਨ।

ਲੜਕੀਆਂ ਦੀ ਸਕਾਊਟਿੰਗ ਵਾਂਗ ਗਰਲ ਗਾਈਡਿੰਗ ਦੇ ਕੈਂਪ ਵੀ ਸੈਰ ਸਪਾਟੇ ਅਤੇ ਸਮਾਰੋਹ ਆਦਿ ਆਯੋਜਿਤ ਕਰਦੇ ਹਨ। ਗਰਲ ਗਾਈਡਿੰਗ ਦੀਆਂ ਹੋਰ ਗਤੀਵਿਧੀਆਂ ਜਿਨ੍ਹਾਂ ਵਿਚ ਖਾਣਾ ਪਕਾਉਣਾ, ਮੁੱਢਲੀ ਸਹਾਇਤਾ, ਖੇਡਾਂ, ਨੱਚਣਾ, ਕਸਰਤ ਕਰਨਾ, ਅਤੇ ਸਮਾਜ ਸੇਵਾ ਸ਼ਾਮਲ ਹਨ। ਗਰਲ ਗਾਈਡਿੰਗ ਲਈ ਵੀ ਇਕ ਵਿਸ਼ੇਸ਼ ਵਰਦੀ ਨਿਸ਼ਚਿਤ ਕੀਤੀ ਗਈ ਹੈ।

ਇਨ੍ਹਾਂ ਦੇ ਖਾਸ ਕੰਮ ਅਤੇ ਕਿਸਮ ਅਨੁਸਾਰ ਇਨ੍ਹਾਂ ਨੂੰ ਹਰ ਇਕ ਸਕੂਲ ਦੀਆਂ ਸਹਿਪਾਠਕ੍ਰਮੀ ਗਤੀਵਿਧੀਆਂ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਅੰਗਰੇਜ਼ਾਂ ਦੇ ਜ਼ਮਾਨੇ ਵਿਚ ਸਾਡੇ ਸਕੂਲਾਂ ਵਿਚ ਸਕਾਊਟਿੰਗ ਅਤੇ ਗਰਲ ਗਾਈਡਿੰਗ ਜ਼ਿਆਦਾ ਸੀ। 1947 ਤੋਂ ਬਾਅਦ ਇਹ ਲਹਿਰ ਸਾਡੇ ਸਕੂਲ ਵਿਚ ਮੱਠੀ ਪੈ ਗਈ ਸੀ ਸਕੂਲ ਆਪਣੇ ਕੰਮ ਵਿਚ ਅਧੂਰਾ ਹੋਵੇਗਾ। ਜੇਕਰ ਉਹ ਆਪਣੇ ਵਿਦਿਆਰਥੀਆਂ ਵਿਚ ਉਹ ਆਦਰਸ਼ ਪੈਦਾ ਨਹੀਂ ਕਰਦਾ ਜਿਹੜੇ ਕਿ ਇਸ ਸਦੀ ਦੇ ਸ਼ੁਰੂ ਵਿਚ ਇਸ ਲਹਿਰ ਦੇ ਸਨ।

ਇਸ ਲਈ ਬਹੁਤ ਜ਼ਰੂਰੀ ਹੈ ਕਿ ਲੜਕਿਆਂ ਦੀ ਸਕਾਉਟਿੰਗ ਅਤੇ ਗਰਲ ਗਾਈਡਿੰਗ ਹਰ ਇਕ ਸਕੂਲ ਦੀਆਂ ਸਹਿਪਾਠਕ੍ਰਮੀ ਗਤੀਵਿਧੀਆਂ ਦਾ ਇਕ ਜ਼ਰੂਰੀ ਹਿੱਸਾ ਬਣ ਜਾਵੇ।

1.4.13 **ਸਮਾਜ ਸੇਵਾ**

ਸਮਾਜ ਸੇਵਾ ਪ੍ਰੋਗਰਾਮ ਨੂੰ ਸਕੂਲ ਦੀਆਂ ਸਹਿਪਾਠਕ੍ਰਮੀ ਗਤੀਵਿਧੀਆਂ (Co-Curricular activities) ਦਾ ਇਕ ਜ਼ਰੂਰੀ ਹਿੱਸਾ ਬਣਾਉਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਮਾਜ ਵਿਚੋਂ ਉਹ ਆਉਂਦੇ ਹਨ ਉਸ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ। ਵਿਦਿਆਰਥੀਆਂ ਨੂੰ ਆਪਣੇ ਨੇੜੇ ਤੇੜੇ ਦੇ ਪਿੰਡਾਂ ਅਤੇ ਮੁਹੱਲਿਆਂ ਵਿਚ ਸਮਾਜ ਸੇਵਾ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਾਜ ਸੇਵਾ ਲਈ ਬਹੁਤ ਸਾਰੇ ਮੌਕੇ ਵਿਦਿਆਰਥੀਆਂ ਲਈ ਆਪਣੇ ਆਪ ਆਉਂਦੇ ਹਨ ਜਿਵੇਂ ਕਿ ਸਕੂਲ ਜਾਂ ਘਰ ਨੂੰ ਜਾਂਦੇ ਵੇਲੇ ਰਸਤੇ ਵਿਚ ਕੋਈ ਪੱਥਰ, ਕੱਚ ਜਾਂ ਕੇਲੇ ਦੇ ਛਿਲਕੇ ਆਦਿ ਨਜ਼ਰ ਆਉਂਦੇ ਹਨ ਜਾਂ ਰਸਤੇ ਵਿਚ ਇੱਟਾਂ ਦੇ ਟੁੱਕੜੇ ਖਿੱਲਰੇ ਹੋਏ ਹਨ ਤਾਂ ਉਸ ਵਕਤ ਇਹ ਸਾਡਾ ਨੈਤਿਕ ਫਰਜ਼ ਬਣ ਜਾਂਦਾ ਹੈ ਕਿ ਉਹ ਚੀਜ਼ਾਂ ਚੁੱਕ ਕੇ ਦੂਰ ਕਰ ਦੇਈਏ ਤਾਂ ਕਿ ਲੰਘਣ ਵਾਲਿਆ ਦਾ ਨੁਕਸਾਨ ਨਾ ਹੋਵੇ। ਇਸ ਤਰ੍ਹਾਂ ਹੀ ਹੋਰ ਬਹੁਤ ਸਾਰੇ ਮੌਕੇ ਅਜਿਹੇ ਹੁੰਦੇ ਹਨ ਜਿੱਥੇ ਕਿ ਵਿਦਿਆਰਥੀ ਆਪਣਾ ਮਹੱਤਵਪੂਰਣ ਯੋਗਦਾਨ ਸਮਾਜ ਵਿਚ ਪਾ ਸਕਦਾ ਹੈ। ਲੇਕਿਨ ਉਸ ਅੰਦਰ ਅਜਿਹੀ ਸੇਵਾ ਕਰਨ ਦਾ ਸ਼ੌਕ ਤਾ ਹੀ ਉਤਪੰਨ ਹੋਵੇਗਾ ਜੇਕਰ ਉਸ ਨੂੰ ਇਸ ਬਾਰੇ ਸਕੂਲ ਵਿਚ ਸਿਖਲਾਈ ਦਿੱਤੀ ਜਾਵੇ। ਹੇਠ ਲਿਖੇ ਪਦਾਂ ਵਿਚ ਵਿਦਿਆਰਥੀ ਅਧਿਆਪਕ ਜੀ ਦੇਖ ਰੇਖ ਵਿਚ ਸਮਾਜ ਸੇਵਾ ਕਰ ਸਕਦਾ ਹੈ।

1. ਪਿੰਡ ਜਾਂ ਮੁਹੱਲੇ ਦਾ ਸਰਵੇਖਣ ਕਰਕੇ ਪੜ੍ਹੇ ਲਿਖੇ ਅਨਪੜ੍ਹ ਬੱਚੇ, ਵੱਡਿਆਂ ਅਤੇ ਔਰਤਾਂ ਦੀ ਸੰਖਿਆ ਆਦਿ ਬਾਰੇ ਪਤਾ ਲਗਾਉਣਾ। ਇਸ ਸਰਵੇ ਵਿਚ ਪਿੰਡ ਦੇ ਲੋਕਾਂ ਦੇ ਕਿੱਤੇ, ਕਾਰਖਾਨੇ ਪਸ਼ੂਆਂ ਦੀ ਸੰਖਿਆ ਆਦਿ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ, ਇਨ੍ਹਾਂ ਸਰਵੇਖਣਾਂ ਦੇ ਆਧਾਰ ਤੇ ਲੋਕਾਂ ਦੀਆਂ ਵਿਅਕਤੀਗਤ, ਸਮਾਜਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਸਮਝਿਆ ਜਾ ਸਕਦਾ ਹੈ ਅਤੇ ਸੰਬੰਧਿਤ ਲੋਕਾਂ ਦੀ ਹਾਲਤ ਸੁਧਾਰਨ ਬਾਰੇ ਯੋਜਨਾਵਾ ਬਣਾਈਆਂ ਜਾ ਸਕਦੀਆਂ ਹਨ।
2. ਵਿਦਿਆਰਥੀਆਂ ਨੂੰ ਸਕੂਲ ਦਾ ਕਮਰੇ, ਮੈਦਾਨ, ਆਦਿ ਸਾਫ ਕਰਨ ਲਈ ਅਤੇ ਸਜਾਉਣ ਲਈ ਕਿਹਾ ਜਾ ਸਕਦਾ ਹੈ।
3. ਪਿੰਡ ਵਿਚ ਜਾਂ ਮੁਹੱਲੇ ਵਿਚ ਸਥਿਤ ਪੁਸਤਕਾਲਾਂ ਦੇ ਕੰਮ ਕਾਜ ਜਾਂ ਪ੍ਰਬੰਧ ਚਲਾਉਣ ਲਈ ਕਿਹਾ ਜਾ ਸਕਦਾ ਹੈ।
4. ਪਿੰਡ ਜਾਂ ਮੁਹੱਲੇ ਕਮਿਊਨਿਟੀ ਹਾਲ ਬਣਾਉਣਾ।
5. ਹਫਤੇ ਵਿਚ ਘੱਟੋ ਘੱਟ ਇਕ ਵਾਰੀ ਪਿੰਡ ਜਾਂ ਮੁਹੱਲੇ ਦੀ ਸਫਾਈ ਕਰਨਾ।
6. ਰੁੱਖ ਲਗਾਉਣ ਵਾਲੇ ਸਪਤਾਹ ਵਿਚ ਅਤੇ ਹੋਰ ਉਪਲਬਧ ਸਮੇਂ ਵਿਚ ਰੁੱਖ ਲਗਾਉਣਾ।
7. ਅਨਪੜ੍ਹ ਬਾਲਗਾਂ ਨੂੰ ਸ਼ਾਮ ਨੂੰ ਪੜ੍ਹਾ ਕੇ ਸਾਖਰਤਾ ਦਾ ਫੈਲਾਅ ਕਰਨਾ।
8. ਸਮੇਂ-ਸਮੇਂ ਸਿਰ ਮੁਹੱਲਿਆਂ ਵਿਚ ਅਜਿਹੇ ਸਮਾਰੋਹ ਆਯੋਜਿਤ ਕਰਨਾ ਜਿਨ੍ਹਾਂ ਲੋਕਾਂ ਵਿਚ ਸਭਿਆਚਾਰਕ ਪ੍ਰਗਤੀ ਹੋਵੇ।

ਵਿਦਿਆਰਥੀ ਦੀ ਰੁਚੀ ਅਤੇ ਲੋਕਾਂ ਦੀ ਜ਼ਰੂਰਤ ਮੁਤਾਬਿਕ ਹੋਰ ਕਈ ਪ੍ਰਕਾਰ ਦੀਆਂ ਸਮਾਜੀ ਸੇਵਾਵਾਂ ਬਾਰੇ ਸੋਚਿਆ ਜਾਂ ਸਕਦਾ ਹੈ। ਸਮਾਜ ਸੇਵਾ ਵਿਦਿਆਰਥੀਆਂ ਨੂੰ ਸਮਾਜਕ ਸਹਿਯੋਗ ਦੂਜਿਆਂ ਲਈ ਕੁਰਬਾਨੀ ਅਤੇ ਇਕ ਨਾਗਰਿਕ ਹੋਣ ਦੇ ਨਾਤੇ ਆਪਣੇ ਕੰਮ ਅਤੇ ਫਰਜ਼ਾਂ ਦਾ ਸਬਦ ਸਿਖਾਉਣ ਲਈ ਬਹੁਤ ਜ਼ਿਆਦਾ ਅਵਸਰ ਪ੍ਰਦਾਨ ਕਰਦੀ ਹੈ।

1.4.14 **ਸਾਰ**

**1. ਸ਼ੌਕ ਜਾਂ ਸੁਗਲ**

ਸ਼ੌਕ ਤੋਂ ਬਿਨਾਂ ਕਈ ਵਾਰ ਜੀਵਨ ਬੇਕਾਰ ਜਿਹਾ ਲੱਗਦਾ ਹੈ। ਸਕੂਲ ਕਾਲ ਸ਼ੌਕ ਪੈਦਾ ਕਰਨ ਲਈ ਵਧੀਆ ਸਮਾਂ ਹੁੰਦਾ ਹੈ। ਵਿਹਲਾ ਸਮਾਂ ਗੁਜ਼ਾਰਨ ਲਈ ਜੋ ਤੁਸੀਂ ਦਿਲੋਂ ਕੰਮ ਕਰਦੇ ਹੋ ਉਹ ਤੁਹਾਡਾ ਸ਼ੌਕ ਹੁੰਦਾ ਹੈ।

**ਸ਼ੌਕ ਦੀ ਮਹੱਤਤਾ**

ਮਨੋਰੰਜਨ ਸੁਹਜ, ਖੇਡਾਂ ਦਾ ਬਦਲ ਅਤੇ ਸ਼ੌਕ ਰਾਹੀਂ ਕਈ ਆਰਥਿਕ ਖੇਡਾਂ। ਜੀਵਨ ਦੇ ਅਕੇਵੇ ਤੋਂ ਬਚਾਉਣਾ। ਰਚਨਾਤਮਕ ਰੁਚੀਆਂ ਦਾ ਵਿਕਾਸ।

**ਸ਼ੌਂਕ ਦੀਆਂ ਕਿਸਮਾਂ**

ਵੱਖਰੇ-ਵੱਖਰੇ ਵਿਅਕਤੀਆਂ ਅਨੁਸਾਰ ਬਹੁਤ ਸਾਰੀਆਂ।

**ਸ਼ੌਂਕ ਪੈਦਾ ਕਰਨਾ**

ਵਿਦਿਆਰਥੀਆਂ ਨੂੰ ਆਪਣੇ ਸ਼ੌਂਕ ਚੁਣਨ ਲਈ ਉਤਸ਼ਾਹਿਤ ਕਰਨਾ।

### 2. ਜੂਨੀਅਰ ਰੈਡ ਕਰਾਸ ਸੁਸਾਇਟੀ

ਰੈਡੱ ਕਰਾਸ ਸੁਸਾਇਟੀ ਇਕ ਅੰਤਰ ਰਾਸ਼ਟਰੀ ਸੰਸਥਾ।

**ਉਦੇਸ਼**

ਬੱਚਿਆਂ ਦੀਆਂ ਛੋਟੀਆਂ ਮੋਟੀਆਂ ਬੀਮਾਰੀਆਂ ਦੀ ਦੇਖਭਾਲ ਕਰਨਾ ਅਤੇ ਉਹਨਾਂ ਦਾ ਇਲਾਜ ਕਰਨਾ ਮੁੱਢਲੀ ਸਹਾਇਤਾ ਪ੍ਰਦਾਨ ਕਰਨਾ, ਮੇਲਿਆਂ ਅਤੇ ਖੇਡਾਂ ਵਿਚ ਸੇਵਾ ਕਰਨਾ। ਸਕੂਲ ਵਿਚ ਸਫਾਈ ਰੱਖਣਾ। ਮਨੁੱਖੀ ਪੱਖ ਤੇ ਵਿਸ਼ੇਸ਼ ਬਲ ਦੇਣਾ, ਜਾਤ-ਪਾਤ, ਅਮੀਰ ਗਰੀਬ, ਵੱਡੇ ਛੋਟੇ, ਸਾਰੇ ਕਿਸਮ ਦੇ ਬੰਧਨ ਉਠਾਉਣਾ। ਵਿਸ਼ਵ ਭਾਈਚਾਰੇ ਦੀ ਭਾਵਨਾ ਨੂੰ ਉਨਤ ਕਰਨਾ ਅਤੇ ਸਮਾਜ ਸੇਵਾ ਦੀ ਭਾਵਨਾ ਦਾ ਵਿਕਾਸ ਕਰਨਾ।

### 3. ਐਨ.ਸੀ.ਸੀ.

ਆਤਮ ਨਿਰਭਰਤਾ ਅਤੇ ਆਮ ਅਨੁਸ਼ਾਸ਼ਨ ਦੀ ਭਾਵਨਾ ਪੈਦਾ ਕਰਨਾ। ਵਿਦਿਆਰਥੀ ਲਈ ਇਕ ਕਿਸਮ ਦੀ ਫੌਜੀ ਸਿਖਲਾਈ। ਲੜਕੇ ਲੜਕੀਆਂ ਦੋਵਾਂ ਲਈ ਸਮਾਜਕ ਸਹਿਯੋਗ ਅਤੇ ਹਮਦਰਦੀ ਲਈ ਸਬਕ।

### 4. ਸਕੂਲ ਸਭਾ

**ਸਮਾਜਿਕ ਸਹਿਯੋਗ ਅਤੇ ਸਕੂਲ ਲਈ ਵਫਾਦਾਰੀ ਦਾ ਵਿਕਾਸ :**

1. ਵਿਦਿਆਰਥੀ ਅਤੇ ਅਧਿਆਪਕਾਂ ਦੀਆਂ ਭਾਵਨਾਵਾਂ ਕਿਸੇ ਚੰਗੇ ਕੰਮ ਲਈ ਪ੍ਰਫੁੱਲਿਤ ਕਰਨਾ।
2. ਜ਼ਰੂਰੀ ਐਲਾਨ ਕਰਨੇ।
3. ਵਿਦਿਆਰਥੀਆਂ ਨੂੰ ਸਕੂਲ ਦੇ ਉਦੇਸ਼ਾਂ ਬਾਰੇ ਜਾਣਕਾਰੀ ਦੇਣਾ।
4. ਆਮ ਰੁਚੀ ਦੇ ਵਿਸ਼ਿਆਂ ਉਪਰ ਭਾਸ਼ਣ ਕਰਨਾ।
5. ਵਿਦਿਆਰਥੀਆਂ ਨੂੰ ਚੰਗੀਆਂ ਗਤੀਵਿਧੀਆਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ।

**ਸਕੂਲ ਸਭਾ ਦੀ ਯੋਜਨਾ**

### 5. ਸਕੂਲ ਪ੍ਰਦਰਸ਼ਨੀਆਂ

ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣੀ ਉੱਤਮ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ। ਸਾਲ ਵਿਚ ਦੋ ਜਾਂ ਤਿੰਨ ਵਾਰ ਪ੍ਰਦਰਸ਼ਨੀਆਂ ਹੋਣੀਆਂ ਚਾਹੀਦੀਆਂ ਹਨ। ਪ੍ਰਦਰਸ਼ਿਤ ਹੋਣ ਵਾਲੀਆਂ ਚੀਜ਼ਾਂ ਉੱਤਮਤਾ ਦੇ ਅਨੁਸਾਰ ਹੋਣ ਅਤੇ ਵਿਦਿਆਰਥੀਆਂ ਜਾਂ ਅਧਿਆਪਕਾਂ ਦੁਆਰਾ ਬਣਾਈਆਂ ਗਈਆਂ ਹੋਣ।

### 6. ਸਕੂਲ ਪ੍ਰਕਾਸ਼ਨ

**ਗੁਣ**

1. ਵਿਦਿਆਰਥੀ ਦੇ ਵਿਚਾਰ ਪ੍ਰਗਟਾਉ।
2. ਸਕੂਲ ਨੂੰ ਇਕਸੁਰਤਾ ਵਿਚ ਬੰਨਣਾ ਅਤੇ ਸਕੂਲੀ ਭਾਵਨਾ ਨੂੰ ਉਨਤ ਕਰਨਾ।
3. ਆਪਣੇ ਵਿਚਾਰ ਪ੍ਰਗਟ ਕਰਨ ਅਤੇ ਰਚਨਾਤਮਕ ਯੋਗਤਾ ਲਈ ਅਵਸਰ ਪ੍ਰਦਾਨ ਕਰਨਾ।
4. ਸਕੂਲ ਬਾਰੇ ਭਰੋਸੇ ਯੋਗ ਖਬਰਾਂ ਦੇਣਾ।
5. ਸਹਿਯੋਗ ਪਹਿਲ ਕਦਮੀ, ਅਗਵਾਈ ਕਰਨਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ।
6. ਲੋਕਾਂ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਨਾ ਅਤੇ ਬਦਲਣਾਂ।

7. ਬੁਆਏ ਸਕਾਊਟਿੰਗ ਅਤੇ ਗਰਲ ਗਾਈਡਿੰਗ।

**(ੳ) ਬੁਆਏ ਸਕਾਊਟਿੰਗ**

**ਉਦੇਸ਼**

ਮਾਨਵਤਾ ਦੀ ਭਾਵਨਾ, ਅਨੁਸ਼ਾਸਨ, ਆਤਮ ਵਿਸ਼ਵਾਸ, ਆਤਮ-ਨਿਰਭਰਤਾ, ਵਿਸ਼ਵ ਭਾਈਚਾਰਾ ਅਤੇ ਆਮ ਕੰਮ ਲਈ ਪਿਆਰ ਕਰਨ ਦੀ ਭਾਵਨਾ, ਹਰ ਰੋਜ਼ ਕੋਈ ਚੰਗਾ ਕੰਮ ਕਰਨਾ, ਹਮੇਸ਼ਾਂ ਤਿਆਰ ਰਹਿਣਾ। ਸਾਹਸੀ ਕੰਮ ਕਰਨਾ, ਕੁਦਰਤ ਲਈ ਪਿਆਰ ਪੈਦਾ ਕਰਨਾ।

11 ਤੋਂ 18 ਸਾਲ ਦੇ ਲੜਕਿਆਂ ਲਈ ਤਿੰਨ ਦਰਜੇ ਟੈਡਰ ਫੁੱਟ, ਦੂਜੀ ਸ਼੍ਰੇਣੀ ਅਤੇ ਪਹਿਲੀ ਸ਼੍ਰੇਣੀ ਪ੍ਰੀਖਿਆ ਵੁਲਫ-ਕਬ ਪੈਕਸ ਅਤੇ ਰੋਵਰ ਟਰੂਪਸ। ਨਿਸ਼ਚਿਤ ਵਰਦੀ, ਸਕਾਊਟਿੰਗ ਦੇ ਨਿਯਮਾਂ ਦੀ ਪਾਲਣਾ। ਰੱਸਿਆਂ ਅਤੇ ਸੋਟੀਆਂ ਦਾ ਇਸਤੇਮਾਲ।

**(ਅ) ਗਰਲ ਗਾਈਡਿੰਗ**

ਨਿਸ਼ਚਿਤ ਵਰਦੀ, ਚੰਗੇ ਮਾਹੌਲ ਗੁਣ ਪੈਦਾ ਕਰਨੇ। ਤਿੰਨ ਦਰਜੇ (1) ਗਰਲ ਗਾਈਡ ਕੰਪਨੀ (2) ਬਲਿਊ ਬਰਡ ਸੈਕਸ਼ਨ (3) ਰੇਂਜ਼ਰ ਕੰਪਨੀ ਨਰਸਿੰਗ ਖਾਣਾ ਬਣਾਉਣਾ, ਮੁੱਢਲੀ ਸਹਾਇਤਾ, ਖੇਡਾਂ ਨੱਚਣਾ, ਕਸਰਤ ਕਰਨਾ ਅਤੇ ਸਮਾਜ ਸੇਵਾ।

**8. ਸਮਾਜ ਸੇਵਾ**

ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਮਾਜ ਨਾਲ ਜਾਣ ਪਹਿਚਾਣ ਕਰਵਾਉਣਾ।

ਪਿੰਡਾਂ ਅਤੇ ਮੁਹੱਲਿਆਂ ਲਈ ਸਮਾਜ ਸੇਵਾ ਕਰਨਾ, ਵਿਦਿਆਰਥੀਆਂ ਲਈ ਸਿੱਖਿਆ ਦੇਣਾ।

**ਸਮਾਜ ਸੇਵਾ ਦੀਆਂ ਕੁਝ ਵਿਸ਼ੇਸ਼ ਕਿਸਮਾਂ**

(1) ਪਿੰਡ ਜਾਂ ਮੁਹੱਲੇ ਦਾ ਸਰਵੇਖਣ ਕਰਨਾ।
(2) ਲੋਕਾ ਦੀਆਂ ਸਮੱਸਿਆਵਾਂ ਨੂੰ ਸਮਝਣਾ।
(3) ਸਕੂਲ ਅਦਾਰਾਂ, ਪਿੰਡਾਂ ਅਤੇ ਮੁੱਹਲਿਆਂ ਨੂੰ ਸਾਫ ਕਰਨਾ।
(4) ਪਿੰਡਾਂ ਵਿਚ ਪੁਸਤਕਾਲਾ ਖੋਲ੍ਹਣਾ।
(5) ਸੰਪਰਦਾਇ ਕਮਰੇ ਬਣਾਉਣਾ।
(6) ਟੁੱਟੀਆਂ ਹੋਈਆਂ ਕੰਧਾਂ ਰਸਤੇ ਸੜਕਾਂ ਦੀ ਮੁਰੰਮਤ ਕਰਵਾਉਣਾ।
(7) ਰੁੱਖ ਲਗਾਉਣਾ।
(8) ਸਮਾਜਕ ਸਮਾਰੋਹ ਕਰਵਾਉਣੇ।

**1.4.15 ਮੁੱਖ ਬਿੰਦੂ:** 1. ਐਸ.ਸੀ.ਸੀ- ਰਾਸ਼ਟਰੀ ਕੈਡਿਟ ਕੋਰ 2. ਐਨ.ਐਸ.ਐਸ- ਰਾਸ਼ਟਰੀ ਸੇਵਾ ਸਕੀਮ

**1.4.16 ਸੁਝਾਏ ਗਏ ਪ੍ਰਸ਼ਨ**

1. ਜੀਵਨ ਵਿਚ ਸ਼ੌਕ ਦੀ ਮਹੱਤਤਾ ਬਾਰੇ ਚਰਚਾ ਕਰੋ। ਵਿਦਿਆਰਥੀਆਂ ਅੰਦਰ ਇਨ੍ਹਾਂ ਦੇ ਵਿਕਾਸ ਬਾਰੇ ਸਕੂਲ ਕੀ ਕਰ ਸਕਦਾ ਹੈ।
2. ਜੂਨੀਅਰ ਰੈੱਡ ਕਰਾਸ ਸੋਸਾਇਟੀ ਕੰਮਾਂ ਦੀ ਵਿਆਖਿਆ ਕਰੋ ਅਤੇ ਇਸ ਦੀ ਸਕੂਲ ਲਈ ਕੀ ਮਹੱਤਤਾ ਹੈ?
3. ਸਕੂਲ ਵਿਚ ਐਨ. ਸੀ. ਸੀ. ਦਾ ਇਕ ਸਹਿਪਾਠਕ੍ਰਮੀ ਗਤੀਵਿਧੀ ਹੋਣ ਕਰਕੇ ਹੀ ਲਾਭ ਹੈ? ਵਿਆਖਿਆ ਕਰੋ।
4. ਸਕੂਲ ਸਭਾ ਦੀ ਕਿਸਮ ਅਤੇ ਕੰਮ ਜਿਹੋ ਜਿਹੇ ਅਤੇ ਕਿਉਂ ਹੋਣੇ ਚਾਹੀਦੇ ਹਨ।
5. ਸਕੂਲ ਪ੍ਰਦਰਸ਼ਨੀ ਦੀ ਮਹੱਤਤਾ ਦੀ ਵਿਆਖਿਆ ਕਰੋ।
6. ਸਕੂਲ ਪ੍ਰਕਾਸ਼ਨ ਦੀਆਂ ਕਿਸਮਾਂ ਅਤੇ ਕੰਮ ਹੋਣੇ ਚਾਹੀਦੇ ਹਨ?
7. ਲੜਕੇ ਅਤੇ ਲੜਕੀਆਂ ਦੇ ਚਰਿੱਤਰ ਨਿਰਮਾਣ ਦੀ ਸਕਾਊਟਿੰਗ ਅਤੇ ਲੜਕੀਆਂ ਲਈ ਗਰਲ ਗਾਈਡਿੰਗ ਦੀ ਕੀ ਮਹੱਤਤਾ ਹੈ।
8. ਸਕੂਲ ਦੁਆਰਾ ਚਲਾਈ ਜਾਣ ਵਾਲੀ ਸਮਾਜ ਸੇਵਾ ਕਿਸ ਪ੍ਰਕਾਰ ਦੀ ਹੋਵੇ ਅਤੇ ਇਸ ਦੇ ਕੰਮ ਕੀ ਕੀ ਹੋਣੇ ਚਾਹੀਦੇ ਹਨ?

**1.4.17 ਸਵੈ ਮੁਲਾਂਕਣ ਲਈ ਪ੍ਰਸ਼ਨ (Question for Self Evaluation) :**

1. ਵਿਹਲਾ ਸਮਾਂ ਗੁਜ਼ਾਰਨ ਲਈ ਜੋ ਦਿਲੋਂ ਕੰਮ ਕਰਦੇ ਹਾਂ ਉਹ ਸ਼ੌਕ ਕਹਿਲਾਉਂਦਾ ਹੈ। ਹਾਂ/ਨਹੀਂ
2. ਸ਼ੁਗਲ ਜਾਂ ਸ਼ੌਕ ਮਨੋਰੰਜਨ ਪ੍ਰਦਾਨ ਕਰਦੇ ਹਨ। ਹਾਂ/ਨਹੀਂ
3. ਰਾਸ਼ਟਰੀ ਸੇਵਾ ਸਕੀਮ 1969-70 ਵਿਚ ਲਾਗੂ ਕੀਤੀ ਗਈ। ਹਾਂ/ਨਹੀਂ
4. ਬਾਲ ਰੈਂਡ ਕਰਾਸ ਸੁਸਾਇਟੀ ਦਾ ਮੁੱਖ ਮੰਤਵ ਦੁਖੀ ਲੋਕਾਂ ਦੀ ਸਹਾਇਤਾ ਕਰਨਾ ਹੈ। ਹਾਂ/ਨਹੀਂ
5. ਐਨ.ਸੀ.ਸੀ. (NCC) (National Cadet Corp) ਇਸਦਾ ਮੁੱਖ ਮੰਤਵ ਹੈ ਆਤਮ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨੀ। ਜਦੋਂ ਸੰਕਟ ਪਵੇ ਤਾਂ ਆਪਣੀ ਮਾਤ-ਭੂਮੀ ਦੀ ਰੱਖਿਆ ਲਈ ਤਿਆਰ ਰਹਿਣਾ। ਹਾਂ/ਨਹੀਂ
6. ਇਸ ਸੰਸਥਾ ਰਾਹੀਂ ਲੜਕੇ ਤੇ ਲੜਕੀਆਂ ਨੂੰ ਫੌਜੀ ਸਿਖਲਾਈ ਦਿੱਤੀ ਜਾਂਦੀ ਹੈ। ਹਾਂ/ਨਹੀਂ
7. ਸਕੂਲ ਸਭਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਕੂਲ ਵਿੱਚ ਇਕ ਸਮੇਂ ਇਕੱਠੇ ਹੋਣ ਨਾਲ ਸਕੂਲ ਪ੍ਰਤੀ ਵਫਾਦਾਰੀ ਦੀ ਭਾਵਨਾ ਉਨੱਤ ਹੁੰਦੀ ਹੈ। ਹਾਂ/ਨਹੀਂ
8. ਜਨਤਕ ਸਾਧਨ ਵਿਦਿਆਰਥੀਆਂ ਲਈ ਲਾਭਦਾਇਕ ਨਹੀਂ ਹਨ। ਹਾਂ/ਨਹੀਂ
9. ਸਕੂਲ ਸਭਾ ਇੱਕ ਮਹੱਤਵਪੂਰਨ ਗਤੀਵਿਧੀ ਨਹੀਂ ਹੈ। ਹਾਂ/ਨਹੀਂ
10. ਸਕੂਲ ਸਭਾ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਸਹਿਯੋਗ ਜ਼ਰੂਰੀ ਹੈ। ਹਾਂ/ਨਹੀਂ

**1.4.18 ਸੁਝਾਈਆਂ ਪੁਸਤਕਾਂ ਤੇ ਵੈਬ ਸੋਮੇ**


| | | |
|---|---|---|
| Beniamm. II. | : | Democracy in the Administration of Higher Education, Haper, 1950 |
| Brossing N.K. | : | Principles of Secondary Education, Prentice Hall, 1949 |
| Cook L.A. | : | Community Foundation of Education. C Graw Hill 1960 |
| Farence RC Johnsion | : | Students Activies in Secondary School, Ronals. 1952. |
| Mebrown | : | Extra Curricular Achitvites, Chapter 5, The Macmillan N.T. 1952 |
| ਵੈਬ ਸੋਮੇ | : | Booksgoogle.co.in<br>www.comnet.ca. |

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.